# ਅੰਮ੍ਰਿਤ ਕੀਰਤਨ

ੴ

ਜਨਵਰੀ 2001



ਸ੍ਰੀ ਗੁਰੂ ਗੋਬਿੰਦ ਜੀ ਦਾ ਇੱਕ ਪੁਰਾਤਨ ਚਿੱਤਰ

ਅੰਮ੍ਰਿਤ ਕੀਰਤਨ

ਗੁਰਮਤਿ ਸੰਗੀਤ ਸਬੰਧੀ ਮਾਸਿਕ ਪੱਤਰ

ਅੰਕ 1 ♦ ਸਾਲ ਤੇਹੁਵਾਂ ♦ ਜਨਵਰੀ 2001

ਸੰਪਾਦਕ (ਆਨਰੇਰੀ)
**ਡਾ. ਜਾਗੀਰ ਸਿੰਘ**
ਐਮ. ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ.

ਸਹਾਇਕ ਸੰਪਾਦਕ (ਆਨਰੇਰੀ)
**ਡਾ. ਗੁਰਮੀਤ ਸਿੰਘ ਬੈਦਵਾਣ**
ਐਮ.ਏ., ਪੀ.ਐਚ.ਡੀ.

ਸਹਿਯੋਗੀ
**ਸ. ਹਰਭਜਨ ਸਿੰਘ**
**ਸ. ਉੱਤਮ ਸਿੰਘ**

2 **ਮਿਤ੍ਰ ਅਸਾਡੜੇ ਸੇਈ**

4 **ਰਾਇ ਕਮਾਲ ਦੀ ਤੇ ਮੌਜਦੀ**
ਸੋਹਿੰਦਰ ਸਿੰਘ ਵਣਜਾਰਾ ਬੇਦੀ

5 **ਕਰਉ ਬੇਨੰਤੀਆ**

6 **ਇੱਕ ਗਾਇਕ ਅਤੇ ਕੀਰਤਨੀਏ ਵਿੱਚ ਕੀ ਅੰਤਰ ਹੈ?**
ਕਮਲਜੀਤ ਕੌਰ

11 **ਮਤੁ ਦੇਖਿ ਭੂਲਾ ਵੀਸਰੈ**
ਕਰਤਾਰ ਸਿੰਘ ਨੀਲਧਾਰੀ

13 **ਗੁਰ ਬਿਨੁ ਗਿਆਨੁ ਨ ਹੋਇ**
ਸਤਨਾਮ ਕੌਰ

14 **ਕੀ ਮੈਂ ਸਿੱਖ ਸਦਾ ਸਕਦਾ ਹਾਂ?**
ਕੁਲਦੀਪ ਸਿੰਘ ਮਤਵਾਲਾ

16 **ਵੇਈਂ ਉੱਜਲ ਹੋਈ**
ਮਨਮੋਹਨ ਸਿੰਘ ਦਾਊਂ

17 **ਕੈਸਟ ਸਮੀਖਿਆ**
ਪ੍ਰੋ. ਐਮ. ਐਸ. ਸਚਦੇਵਾ

18 **ਪੁਸਤਕ ਸਮੀਖਿਆ**
ਡਾ. ਗੁਰਮੀਤ ਸਿੰਘ ਬੈਦਵਾਣ

21 **ਡਿਪਲੋਮਾ ਇਨ ਗੁਰਮਤਿ ਸੰਗੀਤ**

22 **Sikh Musicology**
Dr. Gurnam Singh

28 **The Blessings of Guru Gobind Singh's Amrit**
Bhagwant Singh Dalawari

33 **ਸੁਰ-ਲਿਪੀਆਂ**
ਪ੍ਰੋ. ਤਾਰਾ ਸਿੰਘ

ਕਵਰ : ਗੁਰੂ ਗੋਬਿੰਦ ਸਿੰਘ ਜੀ ਦਾ ਇੱਕ ਪੁਰਾਤਨ ਚਿੱਤਰ
ਧੰਨਵਾਦ : ਗੁਰਦੀਪ ਸਿੰਘ ਦੀਪ

'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ:-4-8-90 ਮਿਤੀ 20-2-91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਪ੍ਰਵਾਨਿਤ ਹੈ।

■

Donations are eligible for relief u/s 80 G of Income-Tax Act, 1961 vide CIT/ CHD/80-G/78/Tech. Dated 30-7-1999 valid upto 31-3-2001

ਚਿੱਠੀ ਪੱਤਰ ਲਈ ਪਤਾ
ਅੰਮ੍ਰਿਤ ਕੀਰਤਨ ਟ੍ਰਸਟ (ਰਜਿ.)
1246/I, ਸੈਕਟਰ 22-ਬੀ,
ਚੰਡੀਗੜ੍ਹ 160 022
ਫੋਨ :
0172-701396, 713915
E-mail:
drjagirsingh@mailjol.com

ਇਸ਼ਤਿਹਾਰਾਂ ਦਾ ਵੇਰਵਾ :
*ਪਿਛਲਾ ਕਵਰ*
6000 ਰੁਪਏ
*ਕਵਰ ਦੇ ਅੰਦਰਲੇ ਪੰਨੇ*
4000 ਰੁਪਏ
*ਸਾਧਾਰਨ ਪੂਰਾ ਪੰਨਾ*
2000 ਰੁਪਏ

ਚੰਦੇ ਦਾ ਵੇਰਵਾ :

ਦੇਸ਼ ♦ ਇਕ ਕਾਪੀ 15 ਰੁ. ♦ ਸਲਾਨਾ 150 ਰੁ. ♦ ਜੀਵਨ ਮੈਂਬਰ (15 ਸਾਲ) 1500 ਰੁ
ਵਿਦੇਸ਼ ♦ ਸਲਾਨਾ 30 $ ♦ ਜੀਵਨ ਮੈਂਬਰ (15 ਸਾਲ) 300 $

■

'ਅੰਮ੍ਰਿਤ ਕੀਰਤਨ' ਲਈ ਚੈੱਕ/ਡਰਾਫਟ 'ਅੰਮ੍ਰਿਤ ਕੀਰਤਨ ਟ੍ਰਸਟ' ਦੇ ਨਾਮ ਹੀ ਭੇਜੇ ਜਾਣ ਜੀ ।

■

ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਹਨਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼, ਐੱਸ.ਸੀ.ਐੱਫ. 107, ਫੇਜ਼ -7, ਮੋਹਾਲੀ ਤੋਂ ਛਪਵਾ ਕੇ 422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ।

COMPUTER TYPE SETTING
*sohal specials*
Designers & Printers
(Pager: 9610408677)

# ਮਿਤ੍ਰ ਅਸਾਡੜੇ ਸੇਈ

★ਆਪ ਜੀ ਦੀ ਰਹਿਨੁਮਈ ਹੇਠ ਹਰ ਮਹੀਨੇ ਮੈਗਜ਼ੀਨ 'ਅੰਮ੍ਰਿਤ ਕੀਰਤਨ' ਦਾ ਜਾਰੀ ਹੋਣਾ ਇੱਕ ਬਹੁਤ ਹੀ ਸ਼ਲਾਘਾ ਯੋਗ ਉੱਦਮ ਹੈ। ਇਸ ਤੇ ਜਿਤਨਾ ਭੀ ਮਾਣ ਕੀਤਾ ਜਾ ਸਕੇ, ਥੋਹੜਾ ਹੈ। ਅੱਜ ਦੇ ਸਮੇਂ ਵਿੱਚ ਕੋਈ ਵਿਰਲਾ ਹੀ ਕੀਰਤਨਕਾਰ ਹੈ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਸਾਏ ਰਾਗਾਂ ਵਿੱਚ ਕੀਰਤਨ ਕਰਨ ਦੀ ਸੋਝੀ ਰੱਖਦਾ ਹੋਵੇ। ਸਗੋਂ ਇਸ ਦੇ ਉਲਟ, ਨਿਰਧਾਰਤ ਰਾਗਾਂ ਦੀ ਜਗ੍ਹਾ ਫਿਲਮੀ ਤਰਜਾਂ ਜਾਂ ਬਹੁਤ ਹੀ ਹਲਕੀਆਂ ਗੀਤਾਂ ਦੁਆਰਾ ਕੀਰਤਨ ਕਰਨ ਦਾ ਰਿਵਾਜ ਪੈ ਗਿਆ ਹੈ। 'ਅੰਮ੍ਰਿਤ ਕੀਰਤਨ' ਪੜ੍ਹਨ ਨਾਲ ਨਿਰਧਾਰਤ ਰਾਗਾਂ ਵਿੱਚ ਕੀਰਤਨ ਕਰਨ ਦੀ ਮਹੱਤਤਾ ਅਤੇ ਪ੍ਰੇਰਨਾ ਹੀ ਨਹੀਂ ਮਿਲਦੀ ਸਗੋਂ ਘਰ ਬੈਠਿਆਂ ਕੀਰਤਨ ਸਿੱਖਣ ਦਾ ਇੱਕ ਸੁਖੈਨ ਵਸੀਲਾ ਭੀ ਪ੍ਰਾਪਤ ਹੁੰਦਾ ਹੈ। ਮੇਰੀ ਅਰਦਾਸ ਹੈ ਕਿ ਵਾਹਿਗੁਰੂ ਆਪ ਜੀ ਦੇ ਇਸ ਪ੍ਰਉਪਕਾਰੀ ਉੱਦਮ ਨੂੰ ਸਫਲਤਾ ਦਾ ਫਲ ਲਾ ਕੇ ਨਿਵਾਜੇ।

ਇਸ ਮੈਗਜ਼ੀਨ ਵਿੱਚ ਇੱਕ ਵਿਸ਼ਾ ਜੋ ਕਿ ਮੈਨੂੰ ਗੁਰਮਤਿ ਅਨੁਕੂਲ ਨਹੀਂ ਲੱਗਾ, ਉਸ ਵਲ ਆਪ ਜੀ ਦਾ ਧਿਆਨ ਦਿਵਾਉਣਾ ਚਾਹੁੰਦੀ ਹਾਂ। ਗੁਰਮਤਿ ਕੀਰਤਨ ਨਾਲ ਸੰਬੰਧਿਤ ਇਸ ਧਾਰਮਿਕ ਮੈਗਜ਼ੀਨ ਦੇ ਇਸ਼ਤਿਹਾਰ ਕਾਲਮ ਵਿੱਚ ਚਾਰ ਮਹੀਨਿਆਂ ਤੋਂ Kalmi Chicken ਦਾ ਵਿਗਿਆਪਨ ਲਗਾਤਾਰ ਛਾਪਿਆ ਜਾ ਰਿਹਾ ਹੈ, ਜੋ ਕਿ ਬਿਲਕੁਲ ਸ਼ੋਭਾ ਨਹੀਂ ਦਿੰਦਾ। ਭਾਵੇਂ ਪੰਥ ਵਿੱਚ ਇਸ ਮਸਲੇ ਤੇ ਇੱਕ ਸੁਰਤਾ ਨਹੀਂ ਹੈ ਪਰ ਫਿਰ ਭੀ ਅੱਜ ਤਕ ਕਿਸੇ ਗੁਰਮਤਿ ਨਾਲ ਸੰਬੰਧਿਤ ਮੈਗਜ਼ੀਨ ਵਿੱਚ ਇਹੋ ਜਿਹਾ ਵਿਗਿਆਪਨ ਦੇਖਣ ਵਿੱਚ ਨਹੀਂ ਆਇਆ। ਇਸ ਵਿਗਿਆਪਨ ਨੂੰ ਪਾਠਕ ਜਨ ਸਿਰਫ ਵਿਗਿਆਪਨ ਦੇ ਰੂਪ ਵਿੱਚ ਹੀ ਨਹੀਂ ਲੈਣਗੇ, ਸਗੋਂ ਮਾਸ ਖਾਣ ਦੇ ਹੱਕ ਵਿੱਚ ਠੋਸ ਪ੍ਰਚਾਰ ਸਮਝਣਗੇ। ਮੇਰੀ ਸਨਿਮਰ ਬੇਨਤੀ ਹੈ ਕਿ ਇਹੋ ਜਿਹਾ ਵਿਵਾਦ-ਗ੍ਰਸਤ ਵਿਗਿਆਪਨ ਅਗਾਂਹ ਨੂੰ ਨਾ ਛਾਪਿਆ ਜਾਵੇ। ਧੰਨਵਾਦ ਸਹਿਤ

*- ਕਮਲਜੀਤ ਕੌਰ*

ਲਾਈਫ ਮੈਂਬਰ 'ਅੰਮ੍ਰਿਤ ਕੀਰਤਨ'

2225 ਸੈਕਟਰ 44-C, ਚੰਡੀਗੜ੍ਹ - 160 047

★ਨਵੰਬਰ ਅੰਕ ਵਿੱਚ ਸੂਫੀ ਨਾਮਕ ਇੱਕ ਕੁੱਤੇ ਦੀ ਜੀਵਨ ਝਲਕੀ ਛਾਪ ਕੇ ਤੁਸੀਂ 'ਅੰਮ੍ਰਿਤ ਕੀਰਤਨ' ਰਸਾਲੇ ਨੂੰ ਬਿਲਕੁਲ ਨਵਾਂ ਆਯਾਮ ਹੀ ਦੇ ਦਿੱਤਾ ਹੈ। ਇਹ ਇੱਕ ਸਿਹਤਮੰਦ ਸੰਕੇਤ ਹੈ। ਜਿਸ ਤਰ੍ਹਾਂ ਵਿਸ਼ੈ ਵਸਤੂ ਦੇ ਸੀਮਤ ਵਿਹੜੇ ਵਿੱਚੋਂ ਨਿਕਲ ਕੇ ਇਹ ਪਤ੍ਰਿਕਾ ਖੁੱਲ੍ਹੇ ਆਕਾਸ਼ਾਂ ਵੱਲ ਬਾਹਾਂ ਉਲਾਰ ਰਹੀ ਹੈ ਉਸ ਪੇਸ਼ਕਦਮੀ ਨਾਲ ਇਸਦਾ ਵਿਸਫੋਟਕ ਪ੍ਰਸਾਰ ਹੋਣ ਦਾ ਕਿਆਸ ਵੀ ਲਗਾਇਆ ਜਾ ਸਕਦਾ ਹੈ।

ਜੀਅ ਦਇਆ ਪਰਵਾਨ ਦੇ ਸਿੱਧਾਂਤ ਨਾਲ ਅਤੇ ਇੱਕ ਕੁੱਤੇ ਦਾ ਨਿਤਨੇਮ ਤੇ ਸਤਿ ਸੰਗਤ ਨਾਲ ਪਿਆਰ ਨਾਲ ਭਰਿਆ ਜੀਵਨ ਇਹ ਸੰਕੇਤ ਦਿੰਦਾ ਹੈ ਕਿ ਇਸ ਭਲੀ ਤੇ ਭੁੱਲੀ ਰੂਹ ਨੇ ਕੋਈ ਭੁੱਲ ਕਰਕੇ ਕੂਕਰ ਜਨਮ ਪ੍ਰਾਪਤ ਕੀਤਾ। ਪਿਛਲੇ ਜਨਮ ਦੇ ਸੰਸਕਾਰਾਂ ਨਾਲ ਗੁਰੂ ਸਵਾਰੇ ਘਰ ਵਿੱਚ ਪ੍ਰਵੇਸ਼ ਮਿਲ ਗਿਆ ਤੇ ਕਰਮਾਂ ਦਾ ਲੇਖਾਂ ਵੀ ਛੇਤੀ ਹੀ ਮੁੱਕ ਗਿਆ। ਲੇਖਿਕਾ ਬਬਲੀ ਐਸ. ਸਿੰਘ ਨੂੰ ਖੁਸ਼ ਹੋਣਾ ਚਾਹੀਦਾ ਹੈ ਕਿ ਉਸ ਦੇ ਸੂਫੀ ਦੀ ਜੂਨ ਖਤਮ ਹੋ ਗਈ। ਨਿਸ਼ਚਿਤ ਹੀ ਉਹ ਸੂਫੀ ਰੂਹ ਗੁਰਸਿੱਖਾਂ ਘਰ ਜਨਮ ਲੈ ਕੇ ਆਪਣਾ ਪਰਮਾਰਥ ਸੁਆਰਨ ਵਿੱਚ ਸਫਲ ਹੋਵੇਗੀ, ਜਿਸ ਮਾਹੌਲ ਵਿੱਚ ਉਸਦੀ ਮੌਤ ਹੋਈ ਹੈ ਉਸ ਦਾ ਅਗਲਾ ਜਨਮ ਨਿਸ਼ਚਿਤ ਹੀ ਮਨੁੱਖਾ ਹੀ ਹੋਏਗਾ।

ਇਹ ਸਬਬ ਹੀ ਹੈ ਕਿ ਫਰਵਰੀ 1997 ਵਿੱਚ ਇੱਕ ਪਾਮੇਰੀਅਨ ਪਿੱਲਾ 'ਗੁੱਡੂ' ਨਾਮ ਨਾਲ ਕੁੱਤਾ ਪਾਲਨ ਦਾ ਪਹਿਲਾ ਅਨੁਭਵ ਬਣ ਕੇ ਆਇਆ। ਖਾਣ ਪੀਣ ਵਿੱਚ ਸੰਕੋਚੀ ਕੇਵਲ ਕੁਝ ਚੋਣ ਵੀ ਮਿੱਠੀ ਚੀਜਾਂ ਤੇ ਇਡਲੀ ਦੇ ਭੋਜਨ ਤੇ ਪਲ ਰਿਹਾ ਹੈ ਤੇ ਦੁੱਧ, ਦਹੀਂ, ਰੋਟੀ ਵਗੈਰਾ ਵਲ ਤਕਦਾ ਵੀ ਨਹੀਂ। ਮਿੱਠੀ ਚੀਜ ਬੇਹੀ ਵੀ ਨਹੀਂ ਖਾਂਦਾ। ਇੱਕ ਸੰਤ ਪੁਰਸ਼ਾਂ ਅਨੁਸਾਰ ਪਿਛਲੇ ਜਨਮ ਵਿੱਚ ਰਾਜਪੁਰਸ਼ ਸੀ ਤੇ ਅੱਗੋਂ ਵੀ ਛੇਤੀ ਹੀ ਕਰਮ ਜੂਨੀ ਪੂਰੀ ਕਰਕੇ ਚੰਗੇ ਮਨੁੱਖੀ ਘਰਾਣੇ ਵਿੱਚ ਪਰਮਾਰਥ ਸਵਾਰ ਲਏਗਾ। ਜੀਆਂ ਦੇ ਅਜਿਹੇ ਅਨੁਭਵ ਨਿੱਜੀ ਕਰਮਾਂ ਦੀ ਆਤਮ ਪੜਚੋਲ ਲਈ ਹੀ ਪ੍ਰੇਰਦੇ ਹਨ।

*- ਕਰਤਾਰ ਸਿੰਘ ਨੀਲਧਾਰੀ*

162-A, ਗਰੇਨ ਮਾਰਕੀਟ, ਚੰਡੀਗੜ੍ਹ

★ਦਸੰਬਰ ਦਾ 'ਅੰਮ੍ਰਿਤ ਕੀਰਤਨ' ਅੰਕ ਬੇਹੱਦ ਪਸੰਦ ਆਇਆ। ਡਾ. ਜਾਗੀਰ ਸਿੰਘ ਵੱਲੋਂ ਲਿਖਿਆ 'ਕਰਉ ਬੇਨੰਤੀਆ' ਅਤੇ ਉਸਤਾਦ ਭਾਈ ਕ੍ਰਿਪਾਲ ਸਿੰਘ ਜੀ ਬਾਰੇ ਜਾਣਕਾਰੀ ਬਹੁਤ ਹੀ ਕਾਬਲੇ ਤਾਰੀਫ ਸੀ। 'ਦੁਖ ਦਾਰੂ', 'ਔਖੇ ਪਲ ਕਿਵੇਂ ਬਿਤਾਈਏ' ਵਲੋਂ ਰੇਣੂਕਾ ਸਰਬਜੀਤ ਸਿੰਘ, 'ਰਾਗੀ ਵਿੱਦਿਆ' ਕਵਿਤਾ ਸ਼ਿਵ ਨਾਥ ਅਤੇ ਡਾ. ਗੁਰਮੀਤ ਸਿੰਘ ਬੇਦਵਾਣ ਵੱਲੋਂ ਭਾਈ ਹਰਿਸਿਮਰਨ ਸਿੰਘ ਬਾਰੇ ਜਾਣਕਾਰੀ ਵੀ ਬਹੁਤ ਪਸੰਦ

ਆਈ। ਦੀਪ ਚੰਦੀ ਵਿੱਚ 'ਰਾਗਮਾਲਾ ਦੀ ਬੰਦਸ਼' ਖੋਜ ਭਰਪੂਰ ਸੀ। 'ਕੀਰਤਨ ਕਲਾਸਾਂ' ਆਦਿਕ ਛਾਪਣ ਲਈ ਬਹੁਤ ਬਹੁਤ ਧੰਨਵਾਦ।

*- ਮੰਗਤ ਸਿੰਘ ਮਸਤਾਨਾ*

ਮਲੋਟ

★ 'Amrit Kirtan' monthly brought out by you has always been such a source of satisfaction to me. It is doing very useful service to the humanity and to the community in particular.

August 2000 issue of this magazine has an article "ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਕਾਵਿ ਪਰੰਪਰਾ" by Dr. Taran Singh. After reading it one feels like saluting the person who wrote this and to those who provided us this illuminating information about our Holy Guru Granth Sahib. The words 'ਵਾਹ ਵਾਹ' came out of the heart. You deserve our congratulations. I am confident that you will continue in your endeavor to serve the Sikh community.

Now I want to bring to your kind notice something very different. I could be wrong for which I offer my apologies in advance. But please check from the authentic source about the correctness of what I say. I have but please do at your personal level.

In the October issue is printed an article "ਸ਼ਬਦਾਂ ਦਾ ਕੰਪੋਜ਼ਰ-ਸੰਗੀਤਕਾਰ ਮੁਹਿੰਦਰਜੀਤ ਸਿੰਘ" by Prof. Gurmukh Singh Sehgal. At page 25 he writes:

*ਨਾਸਰੋ ਮਨਸੂਰ ਗੁਰੂ ਗੋਬਿੰਦ ਸਿੰਘ।*
*ਏਜ਼ਦੀ ਮਨਸੂਰ ਗੁਰੂ ਗੋਬਿੰਦ ਸਿੰਘ।*

Whare as it is like this:



(ਏਜ਼ਦੀ ਮਨਜ਼ੂਰ ਗੁਰੂ ਗੋਬਿੰਦ ਸਿੰਘ)

The source I have checked from:

1. Shabad by Bhai Harjinder Singh Sri Nagar Wale (300 ਸਾਲਾ ਸਾਜਨਾ ਦਿਵਸ).
2. Zafar Nama.

   Translated by Pindi Dass Saiwasi, published by Hazooria & Sons, Jullundur City.

   It has complete poem in praise of Guru Sahib written by Bhai Nand Lal.

   I may please be excused for any mistake or over stepping on my part.

*- (Mrs.) S.K. Mann*

# 582, Sector: 18/B, Chandigarh

*ਖਿਮਾਂ*

*ਸਾਡੀ ਭੁਲ ਨਾਲ 'ਏਜ਼ਦੀ ਮਨਸੂਰ' ਛਪ ਗਿਆ ਹੈ। ਅਸਲ ਪਾਠ 'ਏਜ਼ਦੀ ਮਨਜ਼ੂਰ' ਹੈ। ਮਿਸਜ਼ ਮਾਨ ਜੀ ਦੇ ਧੰਨਵਾਦੀ ਹਾਂ।*

*ਸੰਪਾਦਕ*

## ਬਹੁਤ ਜ਼ਰੂਰੀ ਬੇਨਤੀ

ਪਾਠਕਾਂ ਦੇ ਐਡਰੈਸਾਂ ਦੀ ਪੜਤਾਲ ਲਈ ਅਸੀਂ ਆਪਣੇ ਸਾਰੇ ਮੈਂਬਰਾਂ ਨੂੰ ਪੱਤਰ ਲਿਖੇ ਸਨ ਨਾਲ ਹੀ ਇੱਕ ਪੋਸਟ-ਕਾਰਡ ਭੇਜਿਆ ਸੀ ਤਾਂ ਜੋ ਸਾਨੂੰ ਪਤਾ ਲੱਗ ਸਕੇ ਕਿ ਮੈਗਜ਼ੀਨ ਠੀਕ ਪਹੁੰਚ ਰਿਹਾ ਹੈ ਜਾਂ ਨਹੀਂ। ਸਾਡੇ ਬਹੁਤ ਸਾਰੇ ਲਾਈਫ ਮੈਂਬਰਾਂ ਵਲੋਂ ਵੀ ਪੋਸਟ-ਕਾਰਡ ਵਾਪਸ ਨਹੀਂ ਆਏ। ਅਸੀਂ ਸਮਝਦੇ ਹਾਂ ਕਿ ਸਾਡੇ ਕੋਲ ਮੌਜੂਦ ਐਡਰੈਸ ਠੀਕ ਨਹੀਂ ਇਸ ਲਈ ਉਹਨਾਂ ਦਾ ਮੈਗਜ਼ੀਨ ਬੰਦ ਕਰਨ ਲਈ ਮਜ਼ਬੂਰ ਹਾਂ।

ਖਿਮਾਂ ਸਹਿਤ

ਸੰਪਾਦਕ

# ਰਾਇ ਕਮਾਲ ਦੀ ਤੇ ਮੌਜਦੀ

ਸੋਹਿੰਦਰ ਸਿੰਘ ਵਣਜਾਰਾ ਬੇਦੀ

ਰਾਇ ਕਮਾਲ ਦੀ, ਆਪਣੇ ਭਰਾ ਰਾਇ ਸਾਰੰਗ ਦੀ ਜਾਗੀਰ ਤੇ, ਕਬਜ਼ਾ ਕਰਨਾ ਚਾਹੁੰਦਾ ਸੀ। ਜਦੋਂ ਸ਼ਾਹੀ ਖ਼ਜ਼ਾਨੇ ਵਿੱਚ ਮਾਲੀਆ ਜਮਾਂ ਕਰਵਾਉਣ ਦਾ ਸਮਾਂ ਆਇਆ ਤਾਂ ਕਮਾਲ ਦੀ ਨੇ ਰਾਇ ਸਾਰੰਗ ਉੱਤੇ ਬਗਾਵਤ ਦੀ ਝੂਠੀ ਤੁਹਮਤ ਲਗਾ ਕੇ, ਬਾਦਸ਼ਾਹ ਦੇ ਅਜਿਹੇ ਕੰਨ ਭਰੇ ਕਿ ਬਾਦਸ਼ਾਹ ਨੇ ਸਾਰੰਗ ਨੂੰ ਬੰਦੀ ਬਣਾ ਲਿਆ। ਸਾਰੰਗ ਦੀ ਸਾਰੀ ਜਾਇਦਾਦ ਤੇ ਜਾਗੀਰ ਉੱਤੇ ਰਾਇ ਕਮਾਲ ਨੇ ਕਬਜ਼ਾ ਕਰ ਲਿਆ। ਬਾਅਦ ਵਿੱਚ ਜਦੋਂ ਬਾਦਸ਼ਾਹ ਨੂੰ ਪਤਾ ਲੱਗਾ ਕਿ ਰਾਇ ਸਾਰੰਗ ਨਿਰਦੋਸ਼ ਹੈ ਤੇ ਰਾਇ ਕਮਾਲ ਨੇ ਅਦਾਵਤ ਕਾਰਨ ਰਾਇ ਸਾਰੰਗ ਉੱਤੇ ਝੂਠੀ ਤੁਹਮਤ ਲਗਾਈ ਹੈ ਤਾਂ ਬਾਦਸ਼ਾਹ ਨੇ ਰਾਇ ਸਾਰੰਗ ਨੂੰ ਮੁਕਤ ਕਰ ਦਿੱਤਾ ਅਤੇ ਆਦਰ ਨਾਲ ਆਪਣੀ ਜਗੀਰ ਵਿੱਚ ਭੇਜ ਦਿੱਤਾ।

ਕਮਾਲ ਦੀ ਜਾਗੀਰ ਵਾਪਸ ਨਹੀਂ ਸੀ ਕਰਨਾ ਚਾਹੁੰਦਾ, ਸੋ ਉਸ ਨੇ ਰਾਇ ਸਾਰੰਗ ਦੀ ਰਿਹਾਈ ਵਿੱਚ ਇੱਕ ਵੱਡਾ ਜਸ਼ਨ ਕੀਤਾ ਤੇ ਛਲ ਨਾਲ ਸ਼ਰਾਬ ਵਿੱਚ ਜ਼ਹਿਰ ਮਿਲਾ ਕੇ ਸਾਰੰਗ ਨੂੰ ਮਰਵਾ ਦਿੱਤਾ। ਸਾਰੰਗ ਦੀ ਪਤਨੀ ਆਪਣੇ ਨਾਬਾਲਗ ਪੁੱਤਰ ਮੌਜਦੀ (ਮੁਅੱਜਦੀਨ) ਨੂੰ ਲੈ ਕੇ ਪੇਕੇ ਆ ਗਈ ਅਤੇ ਉਸ ਨੂੰ ਸ਼ਸਤਰ ਵਿੱਦਿਆ ਵਿੱਚ ਪਰਬੀਨ ਕੀਤਾ। ਮੌਜਦੀ ਜਦੋਂ ਜਵਾਨ ਹੋਇਆ ਤਾਂ ਮਾਪਿਆਂ ਦੀ ਫ਼ੌਜ ਨਾਲ ਉਸ ਨੇ ਤਾਏ ਕਮਾਲ ਦੀ ਫ਼ੌਜ 'ਤੇ ਹੱਲਾ ਬੋਲ ਕੇ ਕਮਾਲ ਨੂੰ ਮਾਰ ਦਿੱਤਾ ਅਤੇ ਆਪਣੇ ਦਾਦੇ ਦੀ ਸਾਰੀ ਜਗੀਰ ਸੰਭਾਲ ਲਈ।

ਢਾਡੀਆਂ ਨੇ ਇਸ ਯੁੱਧ ਬਾਰੇ ਇੱਕ ਵਾਰ ਰਚੀ, ਜਿਸ ਦੀ ਇੱਕ ਪਉੜੀ ਇਉਂ ਹੈ :

ਰਾਣਾ ਰਾਇ ਕਮਾਲ ਦੀ ਰਣ ਭਾਰਾ ਬਾਹੀ
ਮੌਜਦੀ ਤਲਵੰਡੀਓਂ ਚੜ੍ਹਿਆ ਸਾਬਾਹੀ
ਢਾਲੀ ਅੰਬਰ ਛਾਇਆ ਫੁਲੇ ਅੱਕ ਕਾਹੀ
ਜੁਟੇ ਆਹਮੋ ਸਾਹਮਣੇ ਨੇਜੇ ਝੁਲਕਾਹੀ
ਮੌਜੇ ਘਰ ਵਧਾਈਆਂ ਘਰ ਚਾਰੇ ਧਾਹੀ।

ਇਸ ਵਾਰ ਦੀ ਧੁਨੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਗਉੜੀ ਦੀ ਵਾਰ ਮਹਲਾ 5 ਉੱਤੇ ਦਰਜ ਹੈ।

*( ਪੁਸਤਕ 'ਪੰਜਾਬੀ ਲੋਕਧਾਰਾ ਵਿਸ਼ਵ ਕੋਸ਼' ਵਿੱਚੋਂ ਧੰਨਵਾਦ ਸਹਿਤ )*

**PAGE SPONSORED BY : AHUJA FAMILY**
C-353, Defence Colony New Delhi 110 024

# ਕਰਉ ਬੇਨੰਤੀਆ

ਮੈਂ ਜਦੋਂ ਵੀ 'ਕਰਉ ਬੇਨੰਤੀਆ' ਲਿਖਣਾ ਸ਼ੁਰੂ ਕਰਦਾ ਹਾਂ ਤਾਂ ਮਨ ਵਿੱਚ ਅਹਿਸਾਸ ਹੁੰਦਾ ਹੈ ਕਿ ਮੈਂ ਕਿਹਨਾਂ ਲਈ ਲਿਖ ਰਿਹਾ ਹਾਂ। ਜਿਹੜੀਆਂ ਗੱਲਾਂ ਮੈਂ ਲਿਖਦਾ ਹਾਂ ਇਹਨਾਂ ਤੋਂ ਬਹੁਤੇ ਲੋਕ ਜਾਣੂ ਹਨ। ਅਹਿਮਦ ਫਰਾਜ਼ ਦਾ ਇਹ ਸ਼ੇਅਰ ਵੀ ਯਾਦ ਆਉਂਦਾ ਹੈ -

*ਤੇਰੇ ਹੋਤੇ ਹੁਏ ਮਹਿਫਿਲ ਮੇ ਜਲਾਤੇ ਹੈ ਚਰਾਗ।*
*ਲੋਗ ਕਿਹਾ ਸਾਦਾ ਹੈ ਸੂਰਜ ਕੋ ਦਿਖਾਤੇ ਹੈ ਚਰਾਗ।*

ਪਰ ਕੁਝ ਨਾ ਕੁਝ ਲਿਖਣਾ ਤਾਂ ਹੁੰਦਾ ਹੀ ਹੈ। ਇਸ ਲਈ ਆਪਣੇ ਆਪ ਨੂੰ ਸਮਝਾਉਂਦਾ ਹਾਂ। ਕੋਈ ਨਾ ਕੋਈ ਤਾਂ ਐਸਾ ਹੋਵੇਗਾ ਜਿਸ ਨੂੰ 'ਕਰਉ ਬੇਨੰਤੀਆ' ਪੜ੍ਹਕੇ ਕੁਝ ਸਕੂਨ ਮਿਲਦਾ ਹੋਵੇਗਾ। ਹਿੰਦੀ ਦੇ ਇੱਕ ਸ਼ਾਇਰ ਦੁਸ਼ਿਅੰਤ ਕੁਮਾਰ ਨੇ ਇਹ ਵੀ ਤਾਂ ਲਿਖਿਆ ਹੈ -

*ਕਹਾਂ ਤੋਂ ਤੈਅ ਥਾ ਚਰਾਗਾਂ ਹਰੇਕ ਘਰ ਕੇ ਲੀਏ।*
*ਕਹਾਂ ਚਰਾਗ ਮਯਸਰ ਨਹੀਂ ਸ਼ਹਿਰ ਕੇ ਲੀਏ।*

ਮੈਨੂੰ ਯਾਦ ਹੈ ਜਦੋਂ ਅਸੀਂ ਰਾਤ ਨੂੰ ਲਾਲਟੈਣ ਬਾਲਦੇ ਸਾਂ ਉਸਨੂੰ ਦਰਵਾਜੇ ਦੀ ਮੁਹਾਠ ਨਾਲ ਟੰਗਦੇ ਸਾਂ ਉਸ ਨਾਲ ਘਰ ਦੇ ਅੰਦਰ ਵੀ ਚਾਨਣ ਹੁੰਦਾ ਸੀ ਅਤੇ ਬਾਹਰ ਵਿਹੜੇ ਵਿੱਚ ਵੀ ਚਾਨਣ ਹੋ ਜਾਂਦਾ ਸੀ। ਇਸੇ ਚਾਨਣ ਨਾਲ ਸਾਰੇ ਲੋੜੀਂਦੇ ਕਾਰਜ ਹੁੰਦੇ ਰਹਿੰਦੇ ਸਨ। ਮੈਂ ਆਪਣੇ ਪਿੰਡ ਦੀਆਂ ਗਲੀਆਂ ਦੇ ਮੋੜਾਂ ਦੇ ਕੰਧਾਂ ਵਿੱਚ ਉਹ ਆਲੇ ਜਿਹੇ ਵੀ ਵੇਖੇ ਹਨ ਜਿਹਨਾਂ ਵਿੱਚ ਦੀਵੇ ਬਾਲੇ ਜਾਂਦੇ ਸਨ ਅਤੇ ਗਲੀ ਦੇ ਦੋਵੇਂ ਪਾਸੇ ਚਾਨਣ ਹੋ ਜਾਂਦਾ ਸੀ।

ਗਿਆਨ ਰੂਪੀ ਚਾਨਣ ਨੂੰ ਵਧ ਤੋਂ ਵਧ ਫੈਲਾਉਣ ਲਈ ਅਖਬਾਰਾਂ-ਰਸਾਲੇ ਪ੍ਰਕਾਸ਼ਿਤ ਕੀਤੇ ਜਾਂਦੇ ਸਨ। ਪਿੱਛੇ ਜਿਹੇ ਨਰਿੰਦਰ ਸਿੰਘ ਕਪੂਰ ਦੇ ਪੰਜਾਬੀ ਟ੍ਰਿਬਿਊਨ ਵਿੱਚ ਛਪੇ ਇੱਕ ਲੇਖ ਵਿੱਚੋਂ ਦੋ ਹਵਾਲੇ ਪੜ੍ਹਕੇ ਬੜਾ ਚੰਗਾ ਲੱਗਾ ਉਹ ਤੁਹਾਡੇ ਨਾਲ ਸਾਂਝ ਕਰਦਾ ਹੈ।

ਰਾਮਨੁਜ਼ ਹਿੰਦੂ ਧਰਮ ਦੇ ਬੜੇ ਵੱਡੇ ਪ੍ਰਚਾਰਕ ਹੋਏ ਹਨ। ਇੱਕ ਵਾਰੀ ਉਹਨਾਂ ਦੇ ਗੁਰੂ ਨੇ ਉਹਨਾਂ ਤੇ ਪ੍ਰਸੰਨ ਹੋ ਕੇ ਉਹਨਾਂ ਨੂੰ ਇੱਕ ਮੰਤਰ ਦਿੱਤਾ ਤੇ ਕਿਹਾ- "ਇਹ ਮੰਤਰ ਰੋਜ਼ ਪੜ੍ਹਿਆ ਕਰ, ਸਵਰਗ ਜਾਵੇਗਾ। ਜੇ ਕਿਸੇ ਨੂੰ ਇਹ ਮੰਤਰ ਦੱਸਿਆ ਤਾਂ ਨਰਕ ਜਾਵੇਗਾ।" ਰਾਮਨੁਜ਼ ਉੱਥੋਂ ਦੌੜ ਕੇ ਨੱਚਦਾ ਹੋਇਆ ਮੰਦਰ ਗਿਆ, ਲੋਕਾਂ ਨੂੰ ਇਕੱਠਾ ਕੀਤਾ ਅਤੇ ਸਵਰਗ ਜਾਣ ਦਾ ਮੰਤਰ ਦਸ ਦਿੱਤਾ। ਗੁਰੂ ਨਾਰਾਜ਼ ਹੋਇਆ ਪੁੱਛਿਆ- "ਇਹ ਤੂੰ ਕੀ ਕੀਤਾ? ਤੂੰ ਤਾਂ ਨਰਕ ਜਾਵੇਗਾ।" ਰਾਮਾਨੁਜ਼ ਨੇ ਮੁਸਕਰਾ ਕਿ ਕਿਹਾ- "ਗੁਰੂ ਜੀ ਮੈਂ ਤਾਂ ਨਰਕ ਜਾਵਾਂਗਾ। ਪਰ ਸੈਂਕੜੇ ਲੋਕ ਜਿਹਨਾਂ ਨੂੰ ਮੈਂ ਮੰਤਰ ਦੱਸਿਆ ਹੈ ਉਹ ਤਾਂ ਸਵਰਗ ਜਾਣਗੇ।"

ਰੋਮਨ ਇਤਿਹਾਸ ਵਿੱਚ ਇੱਕ ਘਟਨਾ ਦਾ ਉਲੇਖ ਹੈ। ਇੱਕ ਜੰਗ ਵਿੱਚ ਬਹਾਦਰ ਜਰਨੈਲ ਰੈਗੁਲਸ ਨੂੰ ਕਰਥੇਜ ਵਿੱਚ ਕੈਦੀ ਬਣਾ ਕੇ ਮੌਤ ਦੀ ਸਜਾ ਸੁਣਾਈ ਗਈ। ਕਾਰਥੇਜੀ ਹਾਕਮ ਇਸ ਜਰਨੈਲ ਦੀ ਸਥਿਤੀ ਨੂੰ ਵਰਤ ਕੇ ਰੋਮ ਨੂੰ ਆਪਣੀਆਂ ਸ਼ਰਤਾਂ ਉੱਤੇ ਸਮਝੌਤਾ ਕਰਨ ਲਈ ਮਜ਼ਬੂਰ ਕਰਨਾ ਚਾਹੁੰਦੇ ਸਨ। ਰੋਮ ਨਾਲ ਸੁਲਹ ਦੀਆਂ ਸ਼ਰਤਾਂ ਲਈ ਕਾਰਥੇਜੀ ਹਾਕਮ ਵੱਲੋਂ ਆਪਣੇ ਅਧਿਕਾਰੀਆਂ ਨਾਲ ਜਰਨੈਲ ਰੈਗੂਲਸ ਨੂੰ ਇਸ ਸ਼ਰਤ ਉੱਤੇ ਰੋਮ ਭੇਜਿਆ ਗਿਆ ਕਿ ਜੇ ਉਹ ਸਮਝੌਤਾ ਕਰਾਉਣ ਵਿੱਚ ਮਦਦਗਾਰ ਸਾਬਤ ਹੋਇਆ ਤਾਂ ਉਸਨੂੰ ਰਿਹਾਅ ਕਰ ਦਿੱਤਾ ਜਾਵੇਗਾ। ਰੇਗੂਲਸ ਰੋਮ ਗਿਆ। ਆਪਣੀ ਜਾਨ ਬਚਾਉਣ ਲਈ ਨਹੀਂ ਸਗੋਂ ਰੋਮਨ ਸਲਤਨਤ ਦਾ ਸਨਮਾਨ ਵਧਾਉਣ ਲਈ। ਰੋਮ ਦੀ ਸੈਨੇਟ ਵਿੱਚ ਸੁਲ੍ਹਾ ਦੀਆ ਸ਼ਰਤਾਂ ਦਸ ਕੇ ਰੈਗੂਲਸ ਨੇ ਇਤਿਹਾਸ ਦੇ ਪੰਨਿਆਂ ਵਿੱਚ ਗੂੰਜ ਪੈਦਾ ਕਰਨ ਵਾਲੀ ਆਵਾਜ਼ ਵਿੱਚ ਕਿਹਾ- ਸਮਝੌਤੇ ਦੀਆਂ ਇਹ ਅਪਮਾਨਜਨਕ ਸ਼ਰਤਾਂ ਕਿਸੇ ਵੀ ਕੀਮਤ ਤੇ ਨਾ ਮੰਨੀਆਂ ਜਾਣ। ਸੈਨੇਟ ਨੇ ਰੈਗੂਲਰ ਨੂੰ ਜਦੋਂ ਵਾਪਸ ਜਾਣ ਤੋਂ ਰੋਕਣਾ ਚਾਹਿਆ ਤਾਂ ਉਸ ਨੇ ਕਿਹਾ- "ਮੈਂ ਰੋਮ ਦੀਆਂ ਸ਼ਾਨਦਾਰ ਰਵਾਇਤਾਂ ਦਾ ਪ੍ਰਤੀਕ ਹਾਂ, ਰੋਮਨ ਕਦੀ ਆਪਣੇ ਵਾਅਦੇ ਤੋਂ ਨਹੀਂ ਮੁਕਰਦਾ, ਮੈਂ ਵਾਪਸ ਮੁੜਨ ਦੀ ਕਸਮ ਖਾ ਕੇ ਆਇਆ ਹਾਂ, ਰੋਮਨ ਸਲਤਨਤ ਦੀ ਸ਼ਾਨ ਵਾਸਤੇ ਮੇਰਾ ਵਾਪਸ ਜਾਣਾ ਜ਼ਰੂਰੀ ਹੈ, ਕਿਉਂਕਿ ਮੈਨੂੰ ਮੌਤ ਨਾਲੋਂ ਆਪਣਾ ਵਾਅਦਾ ਪਿਆਰਾ ਹੈ। ਰੈਗੂਲਸ ਵਾਪਸ ਗਿਆ ਜਿੱਥੇ ਉਸਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ।

ਆਓ! ਨਵੀਂ ਸਦੀ ਦੇ ਇਸ ਨਵੇਂ ਸਾਲ ਵਿੱਚ ਨਿਰਾਸ਼ਾ ਦੇ ਅੰਧਕਾਰ ਦਾ ਮੁਕਾਬਲਾ ਅਜਿਹੇ ਦੀਵਿਆਂ ਦੀ ਰੋਸ਼ਨੀ ਨਾਲ ਕਰਨ ਦਾ ਜਤਨ ਕਰੀਏ।

# ਇੱਕ ਗਾਇਕ ਅਤੇ ਕੀਰਤਨੀਏ ਵਿੱਚ ਕੀ ਅੰਤਰ ਹੈ?


**ਕਮਲਜੀਤ ਕੌਰ**

2225 ਸੈਕਟਰ 44C, ਚੰਡੀਗੜ੍ਹ


ਜਦੋਂ ਭੀ ਕਿਤੇ ਗਾਇਨ ਦੀ ਗੱਲ ਹੁੰਦੀ ਹੈ ਤਾਂ ਸਾਡਾ ਦਿਲੋ ਦਿਮਾਗ ਸੰਗੀਤ ਸ਼ਬਦ ਨਾਲ ਜੁੜ ਜਾਂਦਾ ਹੈ। ਗਾਇਨ ਅਤੇ ਸੰਗੀਤ ਦਾ ਆਪਸ ਵਿੱਚ ਬਹੁਤ ਗੂੜ੍ਹਾ ਸੰਬੰਧ ਹੈ। ਗਾਇਨ ਚਾਹੇ ਫਿਲਮੀ ਗਾਣਿਆਂ, ਗਜ਼ਲਾਂ, ਗੀਤਾਂ ਜਾਂ ਫਿਰ ਗੁਰਬਾਣੀ ਦਾ ਹੋਵੇ, ਸੰਗੀਤ ਦਾ ਉਸ ਵਿੱਚ ਅਹਿਮ ਸਥਾਨ ਹੁੰਦਾ ਹੈ। ਇੱਕ ਗਾਇਕ ਅਤੇ ਕੀਰਤਨੀਏ ਦੋਹਾਂ ਵਿੱਚ ਸੰਗੀਤ ਇੱਕ ਸਾਂਝੀ ਚੀਜ ਹੈ। ਪਰ ਫਿਰ ਭੀ ਇੱਕ ਗਾਇਕ ਅਤੇ ਕੀਰਤਨੀਏ ਵਿੱਚਕਾਰ ਬਹੁਤ ਅੰਤਰ ਹੈ। ਇਸ ਅੰਤਰ ਤੋਂ ਜਾਣੂ ਹੋਣ ਤੋਂ ਪਹਿਲਾਂ ਇਹ ਜਾਨਣਾ ਅਤਿ ਜ਼ਰੂਰੀ ਹੈ ਕਿ ਸੰਗੀਤ ਅਤੇ ਗੁਰਮਤਿ ਸੰਗੀਤ ਵਿੱਚ ਕੀ ਅੰਤਰ ਹੈ।

**ਸੰਗੀਤ :** ਸੰਗੀਤ ਇੱਕ ਐਸੀ ਲਲਿਤ ਕਲਾ ਹੈ ਜਿਸ ਰਾਹੀਂ ਸੰਗੀਤਕਾਰ ਆਪਣੇ ਹਿਰਦੇ ਦੇ ਸੂਖਸਮ ਭਾਵਾਂ ਨੂੰ ਸੁਰ ਅਤੇ ਲੈਅ ਦੁਆਰਾ ਸਾਕਾਰ ਕਰਦਾ ਹੈ। ਸੰਗੀਤ ਦਾ ਮਨੁੱਖੀ ਜੀਵਨ ਨਾਲ ਗੂੜ੍ਹਾ ਸੰਬੰਧ ਹੈ ਕਿਉਂਕਿ ਧਾਰਮਿਕ ਅਤੇ ਸਮਾਜਕ ਖੇਤਰ ਵਿੱਚ ਭੀ ਇਸ ਦੀ ਡਾਢੀ ਲੋੜ ਮਹਿਸੂਸ ਕੀਤੀ ਜਾਂਦੀ ਹੈ। ਜਦੋਂ ਜੀਵ ਬਾਲ ਰੂਪ ਵਿੱਚ ਪ੍ਰਵੇਸ਼ ਕਰਦਾ ਹੈ, ਭਾਂਤ ਭਾਂਤ ਦੀਆਂ ਖੁਸ਼ੀਆਂ ਅਤੇ ਮਨੋਰੰਜਨ ਕਰਨ ਵਾਸਤੇ ਗੀਤ ਗਾਏ ਜਾਂਦੇ ਹਨ। ਜਦੋਂ ਜਵਾਨੀ ਦੇ ਦੌਰ ਵਿੱਚ ਕਦਮ ਰੱਖਦਾ ਹੈ। ਤਦ ਉਸਦੀ ਮੰਗਣੀ ਅਤੇ ਵਿਆਹ ਦੇ ਸਮੇਂ ਸੁਹਾਗ ਦੇ ਗੀਤ, ਢੋਲ, ਅਤੇ ਬੈਂਡ ਵਾਜੇ ਆਦਿ ਵਜਾਏ ਜਾਂਦੇ ਹਨ। ਜਦੋਂ ਸੰਸਾਰਕ ਯਾਤਰਾ ਪੂਰੀ ਕਰਕੇ ਸਰੀਰ ਤਿਆਗ ਦਿੰਦਾ ਹੈ ਤਾਂ ਮਾਰੂ ਰਾਗ ਦੇ ਮਾਤਮੀ ਸੰਗੀਤ ਰਾਹੀਂ ਇਸ ਨੂੰ ਅਲਵਿਦਾ ਕੀਤੀ ਜਾਂਦੀ ਹੈ। ਇਸ ਸਭ ਤੋਂ ਇਹ ਭਲੀ ਭਾਂਤ ਸਿੱਧ ਹੋ ਜਾਂਦਾ ਹੈ ਕਿ ਸੰਗੀਤ ਦਾ ਮਨੁੱਖੀ ਜੀਵਨ ਨਾਲ ਅਤਿ ਗੂੜ੍ਹਾ ਸੰਬੰਧ ਹੈ, ਜਿਸ ਤੋਂ ਬਿਨਾਂ ਜੀਵਨ ਦਾ ਆਰੰਭ, ਜੀਵਨ ਕਾਲ ਦੀਆਂ ਖੁਸ਼ੀਆਂ ਖੇੜੇ, ਅਤੇ ਅੰਤਮ ਯਾਤਰਾ ਦਾ ਸਮਾਂ ਸੱਖਣਾ ਜਿਹਾ ਲਗਦਾ ਹੈ।

ਸੰਗੀਤ ਇੱਕ ਵਿਸ਼ਵ ਵਿਆਪੀ ਕਲਾ ਹੈ। ਇਸ ਦੇ ਸੱਤ ਸੁਰ, ਸਰਬ ਦੇਸੀ ਅਰਥਾਤ ਸਮੱਸਤ ਖੰਡਾਂ ਮੰਡਲਾਂ ਅਤੇ ਬ੍ਰਹਿਮੰਡਾਂ ਵਿੱਚ ਇੱਕ ਸਮਾਨ ਹਨ, ਭਾਵੇਂ ਉਸ ਨੂੰ ਗੀਤ, ਗਜ਼ਲ ਪੌਪ ਮਿਊਜਕ ਜਾਂ ਕੀਰਤਨ ਲਈ ਪ੍ਰਯੋਗ ਕੀਤਾ ਜਾਵੇ।

**ਗੁਰਮਤਿ ਸੰਗੀਤ :** ਗੁਰਮਤਿ ਸੰਗੀਤ, ਆਮ ਸੰਗੀਤ ਤੋਂ ਇੱਕ ਵੱਖਰੀ ਪਰੰਪਰਾ ਹੈ। ਗੁਰਮਤਿ ਸੰਗੀਤ ਦਾ ਇੱਕ ਵਿਸ਼ਾਲ ਖੇਤਰ, ਜਿਸ ਵਿੱਚ ਸੰਗੀਤ ਭੀ ਸ਼ਾਮਲ ਹੈ। ਪਰ ਆਮ ਸੰਗੀਤ ਵਿੱਚ ਗੁਰਮਤਿ ਸ਼ਾਮਲ ਨਹੀਂ ਹੈ। ਗੁਰਮਤਿ ਸੰਗੀਤ ਨੂੰ ਸਮਝਣ ਤੋਂ ਪਹਿਲਾਂ ਗੁਰਮਤਿ ਨੂੰ ਸਮਝਣਾ ਅਤਿ ਜ਼ਰੂਰੀ ਹੈ –

**ਗੁਰਮਤਿ :** ਗੁਰਮਤਿ ਸ਼ਬਦ ਦੋ ਸ਼ਬਦਾਂ 'ਗੁਰੂ' ਅਤੇ 'ਮਤਿ' ਦੇ ਸੁਮੇਲ ਤੋਂ ਬਣਿਆ ਹੈ, ਜਿਸਦਾ ਅਰਥ ਸਰਲ ਸ਼ਬਦਾਵਲੀ ਦੇ ਤਹਿਤ ਆਪਣੀ ਮੱਤੜੀ ਕੁਮੱਤੜੀ ਦਾ ਤਿਆਗ ਕਰਕੇ ਗੁਰੂ ਕੀ ਮਤਿ ਨੂੰ ਗ੍ਰਹਿਣ ਕਰਨਾ ਹੈ –

*ਤਿਆਗੇ ਮਨ ਕੀ ਮਤੜੀ*
*ਵਿਸਾਰੇ ਦੂਜਾ ਭਾਉ ਜੀਉ॥*
*ਇਉ ਪਾਵਹਿ ਹਰਿ ਦਰਸਾਵੜਾ*
*ਨਹ ਲਾਗੈ ਤਤੀ ਵਾਉ ਜੀਉ॥*

(ਸੂਹੀ ਮਹਲਾ 5 ਗੁਣਵੰਤੀ–763)

*ਗੁਰ ਕੀ ਮਤਿ ਤੂੰ ਲੇਹਿ ਇਆਨੇ॥*
*ਭਗਤਿ ਬਿਨਾ ਬਹੁ ਡੂਬੇ ਸਿਆਨੇ॥*

(ਗਉੜੀ ਸੁਖਮਨੀ ਮਹਲਾ 5)

ਗੁਰਮਤਿ, ਸਤਿਗੁਰੂ ਦੁਆਰਾ ਦਿੱਤਾ ਗਿਆ ਉਹ ਸਿਧਾਂਤ, ਮਾਰਗ ਜਾਂ ਧਾਰਣਾ ਅਤੇ ਰਹੁਰੀਤ ਹੈ ਜੋ ਦਸਾਂ ਗੁਰੂ ਸਾਹਿਬਾਨ ਦੁਆਰਾ ਦਰਸਾਏ ਗਏ ਗਿਆਨ ਰੂਪੀ ਉਪਦੇਸ਼ ਉੱਤੇ ਕਾਇਮ ਹੋਈ ਹੈ।

**ਗੁਰਮਤਿ ਸੰਗੀਤ ਦੀ ਵਿਆਖਿਆ :** ਜੁਗੋ ਜੁਗ ਅਟੱਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਦੁਆਰਾ ਸਾਨੂੰ ਗੁਰੂ ਦੀ ਮਤਿ ਉੱਪਰ ਚਲਣ ਦਾ ਜੋ ਉਪਦੇਸ਼ ਪ੍ਰਾਪਤ ਹੁੰਦਾ ਹੈ, ਨੂੰ ਨਿਸ਼ਚਿਤ ਅਤੇ ਇੱਕ ਵਿਸ਼ੇਸ਼ ਪ੍ਰੰਪਰਾ ਵਿੱਚ ਗਾਉਣ ਨੂੰ ਗੁਰਮਤਿ ਸੰਗੀਤ ਕਿਹਾ ਜਾਂਦਾ ਹੈ। ਇੱਕ ਕੀਰਤਨਕਾਰ ਗੁਰਮਤਿ ਸੰਗੀਤ ਨਾਲ ਸੰਬੰਧ ਰੱਖਦਾ ਹੈ। ਕੀਰਤਨ ਦਾ ਕਰਨਾ ਆਮ ਗਾਣਿਆਂ ਜਾਂ ਕਿਸੇ ਭੀ ਪ੍ਰਕਾਰ ਦੀ ਹੋਰ ਗਾਇਕੀ ਤੋਂ ਬਹੁਤ ਭਿੰਨ ਹੈ। ਕੀਰਤਨ ਰੱਬੀ ਗੁਣਾਂ ਦਾ ਵਾਸਲਾ ਹੈ ਜਿਸ ਦਾ ਸੰਬੰਧ ਕੇਵਲ ਅਤੇ ਕੇਵਲ ਗਲੇ ਦੇ ਸੋਹਜ ਜਾਂ ਸੰਗੀਤ ਸਾਜੀ ਨਾਲ ਹੀ ਨਹੀਂ, ਸਗੋਂ ਉਹਨਾਂ ਵਿਰਲੇ ਗੁਰਮੁਖ ਸੱਜਣਾਂ ਨਾਲ ਹੈ ਜਿਨ੍ਹਾਂ ਨੂੰ ਉਸ ਮਾਲਕ ਦੀ ਹਜ਼ੂਰੀ ਅਤੇ ਨੇੜਤਾ ਹਾਸਲ ਹੈ। ਗੁਰਵਾਕ –

*ਜੇਕੋ ਅਪਨੇ ਠਾਕੁਰ ਭਾਵੈ॥*
*ਕੋਟਿ ਮਧਿ ਏਹੁ ਕੀਰਤਨੁ ਗਾਵੈ॥*
*ਸਾਧ ਸੰਗਤਿ ਕੀ ਜਾਵਉ ਟੇਕ॥*

*ਕਹੁ ਨਾਨਕ ਤਿਸੁ ਕੀਰਤਨ ਏਕੁ।*

(ਰਾਮਕਲੀ ਮਹਲਾ 5 – 995)

ਜਿਸ ਪ੍ਰਕਾਰ ਸੰਗੀਤ ਅਤੇ ਗੁਰਮਤਿ ਸੰਗੀਤ ਵਿੱਚ ਫਰਕ ਹੈ, ਉਸ ਪ੍ਰਕਾਰ ਹੀ ਗਾਇਕ ਅਤੇ ਕੀਰਤਨੀਏ ਵਿੱਚ ਅਨੇਕਾਂ ਅੰਤਰ ਹਨ, ਜਿਨ੍ਹਾਂ ਦਾ ਵਿਸਥਾਰ ਪੂਰਬਕ ਵਰਣਨ ਅਗਲੀਆਂ ਲਾਈਨਾਂ ਵਿੱਚ ਕੀਤਾ ਜਾ ਰਿਹਾ ਹੈ –

1. **ਅੰਮ੍ਰਿਤਧਾਰੀ** : ਗੁਰੂ ਕਾ ਕੀਰਤਨੀਆ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਬਿਰਾਜਮਾਨ ਸੰਗਤ ਨੂੰ ਗੁਰੂ ਕੀ ਇਲਾਹੀ ਬਾਣੀ ਕੀਰਤਨ ਰਾਹੀਂ ਗਾਇਨ ਕਰਕੇ ਸੰਗਤਾਂ ਨੂੰ ਸੁਣਾਉਂਦਾ ਹੈ, ਜੋ ਕਿ ਉਪਦੇਸ਼ ਕਰਨ ਸਮਾਨ ਹੈ। ਸਿੱਖ ਰਹਿਤ ਮਰਯਾਦਾ ਅਨੁਸਾਰ ਸੰਗਤਾਂ ਨੂੰ ਉਪਦੇਸ਼ ਗੁਰੂ ਦਾ ਸਿੱਖ ਹੀ ਕਰ ਸਕਦਾ ਹੈ। ਗੁਰਸਿੱਖੀ ਅੰਮ੍ਰਿਤ ਛਕਣ ਦੁਆਰਾ ਹੀ ਧਾਰਣ ਕੀਤੀ ਜਾਂਦੀ ਹੈ। ਜੇਕਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿੱਚ ਸਟੇਜ ਤੇ ਬੈਠਿਆਂ ਕੀਰਤਨੀ ਸਿੰਘ ਸ਼ਬਦ ਪੜ੍ਹ ਰਿਹਾ ਹੋਵੇ, "*ਅੰਮ੍ਰਿਤ ਪੀਵਹੁ ਸਦਾ ਚਿਰ ਜੀਵਹ ਹਰਿ ਸਿਮਰਤ ਅਨਦ ਅਨੰਦਾ*" ਪਰ ਆਪ ਉਹ ਅੰਮ੍ਰਿਤਧਾਰੀ ਨਾ ਹੋਵੇ ਤਾਂ ਸੰਗਤ ਤੇ ਠੀਕ ਪ੍ਰਭਾਵ ਨਹੀਂ ਪਵੇਗਾ। ਉਪਦੇਸ਼ਾਂ ਲਈ ਸਤਿਗੁਰੂ ਜੀ ਦਾ ਬਹੁਤ ਹੀ ਸਖਤ ਫ਼ੁਰਮਾਨ ਹੈ:

*ਅਵਰ ਉਪਦੇਸੈ ਆਪਿ ਨ ਕਰੈ॥*
*ਆਵਤ ਜਾਵਤ ਜਨਮੈ ਮਰੈ॥*

(ਗਉੜੀ ਸੁਖਮਨੀ ਮਹਲਾ 4)

ਇਸ ਲਈ ਕੀਰਤਨੀ ਜਨ ਹਮੇਸ਼ਾ ਅੰਮ੍ਰਿਤਧਾਰੀ ਹੀ ਹੋਣਾ ਚਾਹੀਦਾ ਹੈ। ਅੰਮ੍ਰਿਤਧਾਰੀ ਗੁਰਸਿੱਖਾਂ ਅੰਦਰ ਸਤਿਗੁਰੂ ਜੀ ਆਪ ਵਰਤਦੇ ਹਨ। ਇਸ ਲਈ ਅਜਿਹੇ ਗੁਰਸਿੱਖਾਂ ਦੀ ਰਸਨਾਂ ਤੋਂ ਗੁਰਬਾਣੀ ਦਾ ਕੀਰਤਨ ਕਈ ਕੁਮਲਾਈਆਂ ਅਤੇ ਸੁਕੀਆਂ ਰੂਹਾਂ ਨੂੰ ਹਰਾ ਕਰ ਦਿੰਦਾ ਹੈ।

*ਗੁਰਸਿਖਾਂ ਅੰਦਰਿ ਸਤਿਗੁਰੁ*
*ਵਰਤੈ ਚੁਣਿ ਕਢੇ ਲਧੋਵਾਰੇ*

(ਸਲੋਕ ਮਹਲਾ 4 –612)

ਇਸ ਦੇ ਉਲਟ ਇੱਕ ਗਾਇਕ ਨੂੰ ਅੰਮ੍ਰਿਤਧਾਰੀ ਹੋਣ ਦੀ ਕੋਈ ਬੰਦਸ਼ ਨਹੀਂ ਕਿਉਂਕਿ ਉਸਨੇ ਤਾਂ ਸੰਗਤ ਨੂੰ ਉਪਦੇਸ਼ ਨਹੀਂ ਕਰਨਾ ਹੁੰਦਾ, ਸਗੋਂ ਉਸਨੇ ਤਾਂ ਸਰੋਤੇ ਜਨਾਂ ਦਾ ਮਨੋਰੰਜਨ ਹੀ ਕਰਨਾ ਹੁੰਦਾ ਹੈ।

2. **ਬਾਣੀ ਦਾ ਗਾਇਨ** : ਕੀਤਰਨੀ ਜਨ ਕੇਵਲ ਅਤੇ ਕੇਵਲ ਗੁਰਬਾਣੀ ਦਾ ਹੀ ਗਾਇਨ ਕਰਦਾ ਹੈ, ਜਿਸ ਵਿੱਚ ਸ੍ਰੀ ਗੁਰੂ ਗਰੰਥ ਸਾਹਿਬ ਵਿੱਚ ਦਰਜ ਬਾਣੀ, ਦਸਮ ਗਰੰਥ ਵਿੱਚੋਂ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੁੱਖ ਵਾਕ ਬਾਣੀ, ਭਾਈ ਗੁਰਦਾਸ ਜੀ ਅਤੇ ਭਾਈ ਨੰਦਲਾਲ ਜੀ ਦੀ ਬਾਣੀ ਹੀ ਸ਼ਾਮ ਹੈ।

ਪਰ ਗਾਇਕ ਲਈ ਅਜਿਹੀ ਕੋਈ ਬੰਧਸ਼ ਨਹੀਂ ਹੈ। ਉਹ ਆਪਣੀ ਸਹੂਲਤ ਅਤੇ ਸਰੋਤਿਆਂ ਦੀ ਰੁਚੀ ਅਨੁਸਾਰ ਫਿਲਮੀ ਗਾਵੇ, ਲੋਕ ਗੀਤ, ਗਜ਼ਲਾਂ, ਭਜਨ ਅਤੇ ਕਈ ਵਾਰੀ ਗੁਰਬਾਣੀ ਦੇ ਸ਼ਬਦ ਭੀ ਗਾ ਲੈਂਦਾ ਹੈ।

3. **ਪ੍ਰਮਾਤਮਾ ਦੀ ਉਸਤਤ** : ਕੀਰਤਨੀ ਜਨ ਗੁਰ ਸ਼ਬਦ ਨੂੰ ਸੰਗੀਤ ਵਿੱਚ ਸੰਜੋਅ ਕੇ ਕੇਵਲ ਪ੍ਰਮਾਤਮਾ ਦੀ ਹੀ ਉਸਤਤ ਕਰਦਾ ਹੈ। ਉਹ ਹਰ ਹਾਲਤ ਵਿੱਚ, "ਮੇਰੇ ਲਾਲਨ ਕੀ ਸੋਭਾ" ਗਾਉਣਹਾਰਾ ਹੁੰਦਾ ਹੈ। ਉਸ ਦੀ ਰਸਨਾ ਸ਼ਬਦ ਦੀ ਗਾਇਕਾ, ਹਿਰਦਾ ਸ਼ਬਦ ਦਾ ਗਾਹਕ ਅਤੇ ਸੁਰਤ ਸ਼ਬਦ ਦੀ ਚਾਹਕ ਬਣ ਕੇ, ਉਸ ਨੂੰ ਸਤਿਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰਨ ਵਿੱਚ ਸਹਾਈ ਹੁੰਦੀ ਹੈ। ਉਸ ਦਾ ਪ੍ਰਮਾਤਮਾ ਪ੍ਰਤੀ ਪਿਆਰ ਇਸ਼ਕ ਹਕੀਕੀ ਕਰਕੇ ਜਾਣਿਆ ਜਾਂਦਾ ਹੈ।

ਪਰ ਗਾਇਕ ਜ਼ਿਆਦਾ ਤਰ ਇਸ਼ਕ ਮਜ਼ਾਜੀ ਦੀ ਗਲ ਹੀ ਕਰਦਾ ਹੈ ਜੋ ਕਿ ਸੰਸਾਰਕ ਰੂਪ ਰੰਗ ਵਿੱਚ ਸਮਝੀ ਜਾਂਦੀ ਹੈ। ਉਸ ਦਾ ਗਾਇਨ ਕਿਸੇ ਦੀ ਭੀ ਉਸਤਤ ਵਿੱਚ ਹੋ ਸਕਦਾ ਹੈ।

4. **ਸਹਿਜ–ਅਵਸਥਾ** : ਕੀਰਤਨੀ ਜਨ ਹਮੇਸ਼ਾ ਸਹਿਜ ਅਵਸਥਾ ਨੂੰ ਧਾਰਣ ਕਰਕੇ ਕੀਰਤਨ ਕਰਦਾ ਹੈ। ਉਹ ਉੱਚੀਆਂ ਨੀਵੀਆਂ ਸੁਰਾਂ ਦੇ ਵਹਿਣ ਵਿੱਚ ਰੁੜ੍ਹ ਕੇ, ਸੰਗਤਾਂ ਨੂੰ ਰੀਝਾਉਣ ਹਿਤ ਸਰੀਰ ਦਾ ਸਾਰਾ ਤਾਣ ਲਾਕੇ ਨੁਮਾਇਸ਼ ਨਹੀਂ ਲਾਉਂਦਾ। ਉਸ ਦੇ ਹਿਰਦੇ ਅੰਦਰ ਸਤਿਗੁਰੂ ਜੀ ਦੀ ਹੇਠਾਂ ਲਿਖੀ ਸਿੱਖਿਆ ਸਦਾ ਹੀ ਸਮਾਈ ਰਹਿੰਦੀ ਹੈ।

*"ਸਹਜੇ ਗਾਵਿਆ ਥਾਇ ਪਵੈ*
*ਬਿਨੁ ਸਹਜੈ ਕਥਨੀ ਬਾਦਿ"*

(ਸਿਰੀ ਰਾਗ ਮਹਲਾ 3–69)

ਇਸਦੇ ਉਲਟ ਇੱਕ ਗਾਇਕ ਸੁਰਾਂ ਦੇ ਉਤਰਾਅ–ਚੜ੍ਹਾਅ, ਅਨੇਕਾਂ ਸਾਜਾਂ ਦੇ ਰੌਲੇ ਰੱਪੇ, ਅਤੇ ਸਰੀਰ ਦੀਆਂ ਅਨੇਕਾਂ ਆਢੀਆਂ ਟੇਢੀਆਂ ਮੁਦ੍ਰਾਵਾਂ ਬਣਾ ਕੇ ਸ੍ਰੋਤਿਆਂ ਦੀ ਖੁਸ਼ੀ ਹਾਸਲ ਕਰਨ ਦਾ ਯਤਨ ਕਰਦਾ ਹੈ। ਇਹ ਸਭ ਕੁਝ ਅਜਕਲ ਦੇ ਪੌਪ ਮਿਊਜ਼ਕ ਵਿੱਚ ਵੇਖਿਆ ਜਾ ਸਕਦਾ ਹੈ। ਇਸ ਵਿੱਚ ਸਹਿਜ ਦੀ ਜਗ੍ਹਾ ਚੰਚਲਤਾ ਦੀ ਭਰਮਾਰ ਹੁੰਦੀ ਹੈ।

5. ਪ੍ਰੇਮ-ਪ੍ਰਾਇਣ ਕੀਰਤਨ : ਕੀਰਤਨੀ ਜਨ, ਉਸ ਅਕਾਲ ਪੁਰਖ ਦੇ ਪ੍ਰੇਮ ਵਿੱਚ ਭਿੱਜ ਕੇ ਕੀਰਤਨ ਕਰਦਾ ਹੈ। ਉਸ ਦੀ ਆਵਾਜ਼ ਵਿੱਚ ਅਤਿ ਦਰਜੇ ਦੀ ਮਿਠਾਸ ਹੁੰਦੀ ਹੈ ਜਿਸ ਦੇ ਸਦਕੇ ਉਹ ਸੰਗਤ ਨੂੰ ਪ੍ਰਭੂ ਰਸ ਵਿੱਚ ਲੀਨ ਹੋਣ ਵਿੱਚ ਸਹਾਈ ਹੁੰਦਾ ਹੈ। ਉਹ ਹਮੇਸ਼ਾਂ ਸਤਿਗੁਰੂ ਜੀ ਦੇ ਹੇਠਾਂ ਲਿਖੇ ਹੁਕਮ ਤੇ ਚਲਣ ਦੀ ਕੋਸ਼ਿਸ਼ ਕਰਦਾ ਹੈ -

*ਭਗਤਿ ਭਾਇ ਹਰਿ ਕੀਰਤਨੁ ਕਰੀਐ॥*
*ਜਪਿ ਪਾਰਬ੍ਰਹਮ ਨਾਨਕ ਨਿਸਤਰੀਐ॥*

(ਗੌਂਡ ਮਹਲਾ 5 -865)

ਮਿੱਠੀ ਆਵਾਜ਼ ਵਿੱਚ ਤਾਂ ਇੱਕ ਗਾਇਕ ਭੀ ਗਾ ਸਕਦਾ ਹੈ ਪਰ ਉਸ ਦੇ ਗਾਉਣ ਵਿੱਚ ਰੱਬੀ ਪ੍ਰੇਮ ਵਰਗੀ ਕੋਈ ਗੱਲ ਨਜ਼ਰ ਨਹੀਂ ਆਉਂਦੀ। ਹਾਂ, ਉਸਦੇ ਗਾਉਣ ਵਿੱਚ ਕਿਸੇ ਹੋਰ ਪ੍ਰਕਾਰ ਦਾ ਪ੍ਰੇਮ ਜਰੂਰ ਵੇਖਿਆ ਜਾ ਸਕਦਾ ਹੈ।

6. ਹਉਮੈ ਦਾ ਅਭਾਵ : ਭਾਵੇਂ ਇੱਕ ਕੀਰਤਨਕਾਰ ਅਤੇ ਗਾਇਕ ਦੋਵੇਂ ਹੀ ਆਪਣੀ ਕਲਾ ਵਿੱਚ ਸੰਪੰਨ ਹੁੰਦੇ ਹਨ ਪਰ ਫਿਰ ਭੀ ਇੱਕ ਗਾਇਕ ਦੀ ਗਾਉਣ ਕਲਾ ਵਿੱਚ ਕਈ ਵਾਰ ਹਉਮੈ ਦੇ ਭਾਵ ਦੇਖੇ ਜਾ ਸਕਦੇ ਹਨ ਜਦ ਕਿ ਇੱਕ ਕੀਰਤਨ ਕਾਰ ਹਉਮੈ ਤੋਂ ਰਹਿਤ ਹੁੰਦਾ ਹੈ।

7. ਮਾਇਕ ਪਕੜ ਤੋਂ ਰਹਿਤ : ਅੱਜਕਲ ਦੇ ਸਮੇਂ ਵਿੱਚ ਅਨੇਕਾਂ ਕੀਰਤਨੀ ਸੱਜਣ, ਆਪਣੀ ਕਿਰਤ-ਵਿਰਤ ਕਰਦੇ ਹੋਏ ਨਿਸ਼ਕਾਮ ਕੀਰਤਨ ਕਰਦੇ ਹਨ। ਧੰਨ ਹਨ ਐਸੇ ਕੀਰਤਨੀ ਸੱਜਣ ਜਿਨ੍ਹਾਂ ਨੇ ਕੀਰਤਨ ਨੂੰ ਮਾਇਆ ਕਮਾਉਣ ਦਾ ਸਾਧਨ ਨਹੀਂ ਬਣਾਇਆ। ਬਹੁਤ ਸਾਰੇ ਐਸੇ ਭੀ ਕੀਰਤਨ ਕਰਨ ਵਾਲੇ ਹਨ ਜਿਨ੍ਹਾਂ ਦੀ ਉਪਜੀਵਕਾ ਕੀਰਤਨ ਤੇ ਹੀ ਨਿਰਭਰ ਹੈ। ਭਾਵੇਂ ਉਹ ਕੀਰਤਨ ਦੀ ਭੇਟਾ ਤਾਂ ਲੈ ਲੈਂਦੇ ਹਨ ਪਰ ਫਿਰ ਭੀ ਇਹ ਗਾਇਕਾਂ ਦੀ ਮੂੰਹ ਮੰਗੀ ਰਕਮ ਤੋਂ ਕਿਤੇ ਘਟ ਹੁੰਦੀ ਹੈ। ਇਸ ਥੋਹੜੀ ਜਿਹੀ ਕੀਰਤਨ ਭੇਟਾ ਤੇ ਹੀ ਸਬਰ ਸੰਤੋਖ ਰੱਖਕੇ ਉਹ ਗੁਰੂ ਦਾ ਜਸ ਸੰਗਤਾਂ ਨੂੰ ਗੁਰਬਾਣੀ ਦੇ ਕੀਰਤਨ ਰਾਹੀਂ ਸਰਵਣ ਕਰਵਾਉਂਦੇ ਹਨ ਅਤੇ ਆਪਣੇ ਪ੍ਰਵਾਰ ਦਾ ਨਿਰਬਾਹ ਕਰਦੇ ਹਨ। ਇਸ ਦੇ ਉੱਲਟ ਕਈ ਵੱਡੇ ਵੱਡੇ ਗਾਇਕਾਂ ਨੂੰ ਘੰਟੇ ਦੇ ਸੱਤਰ-ਸੱਤਰ ਹਜ਼ਾਰ ਜਾਂ ਇਸ ਤੋਂ ਕੁਝ ਘਟ-ਵਧ ਭੀ ਲੈਂਦੇ ਸੁਣਿਆ ਗਿਆ ਹੈ। ਕੀਰਤਨ ਭੇਟ ਮਾਇਆ ਕਿਉਂਕਿ ਪੂਜਾ ਦਾ ਧਾਨ ਹੁੰਦਾ ਹੈ ਇਸ ਲਈ ਸਾਡੇ ਗਰੰਥੀ ਸਿੰਘਾਂ ਅਤੇ ਕੀਰਤਨੀ ਸਿੰਘਾਂ ਨੂੰ ਇੱਕ ਰਹਿਤਨਾਮੇ ਵਿੱਚ ਇਸ ਤਰ੍ਹਾਂ ਸੁਚੇਤ ਕੀਤਾ ਗਿਆ ਹੈ -

*ਜੋ ਕੋਈ ਸਿੰਘ ਪੁਜਾਰੀ ਅਹੈ॥*
*ਸੋ ਭੀ ਪੂਜਾ ਬਹੁਤ ਨ ਮਹੈ॥*
*ਤਨ ਨਿਰਬਾਹ ਮਾਤਰ ਸੋ ਲੇਵੈ॥*
*ਅਧਿਕ ਹੋਇ ਤਾਂ ਜਹਿ ਤਹਿ ਦੇਵੈ॥*

(ਰਹਿਤਨਾਮਾ-ਭਾਈ ਦੇਸਾ ਸਿੰਘ ਜੀ)

ਪਰ ਇੱਕ ਗਾਇਕ ਨੂੰ ਸਮਾਜਿਕ ਜਾਂ ਧਾਰਮਿਕ ਪੱਖੋਂ ਅਜੇਹੀ ਕੋਈ ਬੰਦਸ਼ ਨਹੀਂ ਹੈ। ਉਸ ਨੇ ਗਾਇਕੀ ਨੂੰ ਅਪਣਾਇਆ ਹੀ ਮਾਇਕ ਪ੍ਰਾਪਤੀ ਹਿੱਤ ਹੁੰਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਜਿੱਥੇ ਕੀਰਤਨੀਏ ਨੂੰ ਭਲੋ ਭਲੋ ਆਖ ਕੇ ਸਤਿਕਾਰਿਆ ਹੈ ਉੱਥੇ ਨਾਲ ਹੀ ਮਾਇਕ ਪਕੜ ਤੋਂ ਨਿਰਲੇਪ ਰਹਿਣ ਲਈ ਭੀ ਸੁਚੇਤ ਕੀਤਾ ਹੈ।

*ਭਲੋ ਭਲੋ ਰੇ ਕੀਰਤਨੀਆ॥*
*ਰਾਮ ਰਮਾ ਰਾਮਾ ਗੁਨ ਗਾਉ॥*
*ਛੋਡਿ ਮਾਇਆ ਕੇ ਧੰਧ ਸੁਆਉ॥*

(ਰਾਮਕਲੀ ਮਹਲਾ 5 -885)

ਪੁਰਾਤਨ ਸਿੱਖ ਇਤਿਹਾਸ ਪੜ੍ਹਣ ਤੋਂ ਪਤਾ ਲਗਦਾ ਹੈ ਕਿ ਜਿਤਨਾਂ ਕੀਰਤਨ ਕਰਨ ਵਾਲਾ ਗੁਰੂ ਦੇ ਨੇੜੇ ਹੋਵੇਗਾ, ਗੁਰੂ ਦੇ ਸ਼ਬਦ ਤੇ ਪਹਿਰਾ ਦੇਣ ਵਾਲਾ ਹੋਵੇਗਾ ਉਤਨਾ ਹੀ ਉਹ ਮਾਇਆ ਦੇ ਮੋਹ ਤੋਂ ਨਿਰਲੇਪ ਭੀ ਹੋਵੇਗਾ ਜਿਵੇਂ ਕਿ -

*ੳ) ਭਾਈ ਮਰਦਾਨਾ ਜੀ :* ਭਾਈ ਮਰਦਾਨਾ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸੰਗੀ ਸਾਥੀ ਕੀਰਤਨੀਏ ਸਨ। ਜਿਤਨਾ ਪਿਆਰ ਗੁਰੂ ਸਾਹਿਬ ਤੋਂ ਭਾਈ ਮਰਦਾਨਾ ਜੀ ਨੇ ਪ੍ਰਾਪਤ ਕੀਤਾ, ਉਤਨਾ ਸ਼ਾਇਦ ਹੀ ਕਿਸੇ ਹੋਰ ਦੇ ਹਿੱਸੇ ਆਇਆ ਹੋਵੇ। ਪਰ ਮਰਦਾਨਾ ਜੀ ਨੇ ਕੀਰਤਨ ਦੇ ਇਵਜ ਵਜੋਂ ਕਦੇ ਮਿੱਥ ਕੇ ਮਾਇਆ ਨਹੀਂ ਲਈ। ਮਾਇਕ ਮੰਗ ਹੀ ਨਹੀਂ ਕੀਤੀ। ਹਾਂ ਉਸ ਦੀਆਂ ਅਤੇ ਉਸ ਦੇ ਪ੍ਰਵਾਰ ਦੀਆਂ ਜੀਵਨ ਲੋੜਾਂ ਨੂੰ ਸਤਿਗੁਰੂ ਜੀ ਨੇ ਆਪ ਹਰ ਸਮੇਂ ਪੂਰਾ ਕੀਤਾ। ਉਸ ਨੂੰ ਨਾਮ ਧਨ ਬਖਸ਼ ਕੇ ਸੰਤੋਖੀ ਜੀਵਨ ਨਾਲ ਸਰਸ਼ਾਰ ਕੀਤਾ॥

*ਅ) ਭਾਈ ਮੁਣਸਾ ਸਿੰਘ ਜੀ :* ਭਾਈ ਸਾਹਿਬ ਜੀ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੇ ਰਸ-ਭਿੰਨੜੇ ਕੀਰਤਨੀਏ ਸਨ। ਕਹਿੰਦੇ ਹਨ ਕਿ ਉਹਨਾਂ ਦੀ ਮਾਇਕ ਹਾਲਤ ਬਹੁਤ ਹੀ ਗਰੀਬੀ ਵਾਲੀ ਸੀ। ਪਰ ਉਹ ਰੱਬ ਦੀ ਰਜਾਇ ਵਿੱਚ ਖੁਸ਼ ਰਹਿਣ ਵਾਲੇ ਸਨ ਅਤੇ ਅਤਿ

ਦਰਜੇ ਦੇ ਸੰਤੋਖੀ ਮਹਾਂਪੁਰਸ਼ ਸਨ। ਕਹਿੰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਨੂੰ ਜਦੋਂ ਉਹਨਾਂ ਦੀ ਮਾਇਕ ਹਾਲਤ ਬਾਰੇ ਪਤਾ ਲੱਗਾ ਤਾਂ ਆਪ ਹਾਥੀ ਤੇ ਸਵਾਰ ਹੋਕੇ ਮੋਹਰਾਂ ਦੀਆਂ ਥੈਲੇ ਲੈਕੇ ਉਹਨਾਂ ਨੂੰ ਭੇਟ ਕਰਨ ਲਈ ਚਲ ਪਏ। ਭਾਈ ਮੁਨਸਾ ਸਿੰਘ ਨੇ ਮਹਾਰਾਜੇ ਤੋਂ ਧਨ ਲੈਣ ਦੀ ਬਜਾਇ ਪੁੱਛਿਆ- "ਮਹਾਰਾਜਾ ਸਾਹਿਬ ਤੁਹਾਨੂੰ ਇਹ ਧਨ ਦੌਲਤ ਕਿੱਥੋਂ ਮਿਲਦੀ ਹੈ?" ਮਹਾਰਾਜੇ ਨੇ ਆਖਿਆ ਕਿ- "ਇਹ ਸਾਰੀ ਕਿਰਪਾ ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੀ ਹੈ।" ਭਾਈ ਸਾਹਿਬ ਨੇ ਇਹ ਕਹਿ ਕੇ ਮਾਇਆ ਲੈਣ ਤੋਂ ਇਨਕਾਰ ਕਰ ਦਿੱਤਾ ਕਿ- "ਮੈਂ ਸ੍ਰੀ ਗੁਰੂ ਰਾਮਦਾਸ ਜੀ ਦੇ ਦਰਬਾਰ ਵਿੱਚ ਕੀਰਤਨ ਕਰਨ ਵਾਲਾ ਹਾਂ। ਜਦੋਂ ਮੈਨੂੰ ਮਾਇਕ ਲੋੜ ਮਹਿਸੂਸ ਹੋਈ ਤਾਂ ਮੈਂ ਆਪੇ ਹੀ ਸਤਿਗੁਰੂ ਜੀ ਤੋਂ ਲੈ ਲਵਾਂਗਾ। ਇਸ ਤਰ੍ਹਾਂ ਦੇ ਬਚਨ ਕਰਕੇ ਮਹਾਰਾਜ ਸਾਹਿਬ ਨੂੰ ਬਿਨਾਂ ਮਾਇਆ ਲਇਆਂ ਹੀ ਵਾਪਸ ਮੋੜ ਦਿੱਤਾ। ਕਿਤਨਾ ਉੱਚਾ ਜੀਵਨ ਸੀ ਭਾਈ ਸਾਹਿਬ ਮੁਣਸਾ ਸਿੰਘ ਜੀ ਦਾ। ਉਹ ਕਿਤਨੇ ਵੱਡੇ ਤਿਆਗੀ ਸਨ। ਉਹਨਾਂ ਦੀ ਜੀਵਨ ਅਤੇ ਤਿਆਗ ਦੀ ਭਾਵਨਾਂ ਸਾਡੇ ਲਈ ਸਦਾ ਹੀ ਇੱਕ ਚਾਨਣ ਮੁਨਾਰੇ ਦਾ ਕੰਮ ਕਰਦੀ ਰਹੇਗੀ। ਪਰ ਗੁਰਦੁਵਾਰਿਆਂ ਦੇ ਪ੍ਰਬੰਧਕਾਂ ਦਾ ਭੀ ਫ਼ਰਜ ਬਣਦਾ ਹੈ ਕਿ ਅਜਿਹੇ ਨਿਸ਼ਕਾਮ ਕੀਰਤਨੀਆਂ ਦੀਆਂ ਲੋੜਾਂ ਦਾ ਧਿਆਨ ਰੱਖਦੇ ਹੋਏ ਉਹਨਾਂ ਦੀ ਯੋਗ ਮਾਇਕ ਲੋੜਾਂ ਨੂੰ ਪੂਰਾ ਕਰਕੇ ਉਹਨਾਂ ਪਾਸੋਂ ਕੀਰਤਨ ਦੀ ਸੇਵਾ ਲੈਣ।

**8. ਗੁਰਬਾਣੀ-ਜੀਵਨ ਆਧਾਰ :** ਇੱਕ ਕੀਰਤਨਕਾਰ ਜਿੱਥੇ ਗੁਰਬਾਣੀ ਦਾ ਕੀਰਤਨ ਕਰਦਾ ਹੈ, ਉੱਥੇ ਗੁਰਬਾਣੀ ਨੂੰ ਆਪਣੇ ਜੀਵਨ ਦਾ ਆਧਾਰ ਭੀ ਬਾਣਾਉਂਦਾ ਹੈ। ਦੇਖਿਆ ਜਾਏ ਤਾਂ ਕੀਰਤਨ ਕਰਨ ਦਾ ਅਸਲ ਮਕਸਦ ਹੀ ਇਹ ਹੈ ਕਿ ਗੁਰਬਾਣੀ ਨੂੰ ਸੰਗੀਤ ਵਿੱਚ ਪਰੋ ਕੇ ਉਸਨੂੰ ਗਾਇਆ, ਸੁਣਿਆ ਸਮਝਿਆ ਅਤੇ ਆਪਣੇ ਜੀਵਨ ਨੂੰ ਉਸ ਅਨੁਸਾਰ ਢਾਲਿਆ ਜਾਵੇ ਜੋ ਇੱਕ ਸੱਚੇ ਸੁੱਚੇ ਜੀਵਨ ਦੀ ਜੁਗਤ ਦੱਸਦੀ ਹੈ। ਸੱਚੀ ਸ਼ਰਧਾ ਨਾਲ ਗਾਉਣ ਅਤੇ ਸੁਣਨ ਵਾਲੇ ਦਾ ਇਹ ਲੋਕ ਸੁਖਮਈ ਅਤੇ ਪਰਲੋਕ ਭੀ ਸੁਹੇਲਾ ਹੋ ਜਾਂਦਾ ਹੈ। ਗੁਰਬਾਣੀ ਵਿੱਚ ਦੱਸੇ ਗੁਰ ਉਪਦੇਸ਼ਾਂ ਦਾ ਧਾਰਨੀ ਹੁੰਦਾ ਹੋਇਆ ਇੱਕ ਕੀਰਤਨਕਾਰ ਸੰਗਤ ਨੂੰ ਭੀ ਅਜਿਹੇ ਉੱਚੇ ਸੁੱਚੇ ਜੀਵਨ ਦੀ ਜਾਗ ਲਗਾ ਦਿੰਦਾ ਹੈ।

ਪਰ ਇੱਕ ਗਾਇਕ ਨੂੰ ਉਸ ਦੇ ਗਾਏ ਜਾਣ ਵਾਲੇ ਗੀਤਾਂ ਤੋਂ ਐਸੇ ਉੱਚੇ-ਸੁੱਚੇ ਅਤੇ ਆਦਰਸ਼ਕ ਜੀਵਨ ਦੀ ਸੇਧ ਪ੍ਰਾਪਤ ਨਹੀਂ। ਐਸੇ ਗੀਤ ਕੇਵਲ ਮਾਇਕ ਅਤੇ ਸਰੋਤਿਆਂ ਦਾ ਮਨ ਪ੍ਰਚਾਵਾ ਕਰਨ ਤਕ ਹੀ ਸੀਮਿਤ ਹੁੰਦੇ ਹਨ।

**9. ਪੁਸ਼ਾਕ ਅਤੇ ਖੁਰਾਕ :** ਕੀਰਤਨਕਾਰ ਦੀ ਪੁਸ਼ਾਕ ਅਤੇ ਖੁਰਾਕ ਦੋਨੋਂ ਹੀ ਸਾਦੀਆਂ ਹੁੰਦੀਆਂ ਹਨ। ਉਹ ਕਿਸੇ ਭੀ ਹਾਰ-ਸ਼ਿੰਗਾਰ ਅਤੇ ਭੜਕੀਲੇ ਵਸਤਰਾਂ ਤੋਂ ਪ੍ਰਹੇਜ ਕਰਦਾ ਹੈ। ਉਸ ਦਾ ਭੋਜਨ ਸਾਦਾ ਹੁੰਦਾ ਹੈ। ਉਸ ਨੂੰ ਗੁਰਬਾਣੀ ਦੁਆਰਾ ਇਹ ਸੋਝੀ ਹੋ ਗਈ ਹੁੰਦੀ ਹੈ ਕਿ -

*ਬਾਬਾ ਹੋਰ ਖਾਣਾ ਖੁਸੀ ਖੁਆਰ॥*
*ਜਿਤੁ ਖਾਧੇ ਤਨੁ ਪੀੜੀਐ,*
*ਮਨ ਮਹਿ ਚਲਹਿ ਵਿਕਾਰ॥*

ਤਥਾ

*ਬਾਬਾ ਹੋਰੁ ਪੈਨਣੁ ਖੁਸੀ ਖੁਆਰ॥*
*ਜਿਤੁ ਪੈਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ॥*
(ਸਿਰੀ ਰਾਮ, ਮਹਲਾ 1, 16-17)

ਉਸ ਦੇ ਜੀਵਨ ਵਿੱਚ ਕਿਸੇ ਪ੍ਰਕਾਰ ਦੇ ਨਸ਼ੇ ਨੂੰ ਭੀ ਥਾਂ ਨਹੀਂ ਮਿਲਦੀ ਕਿਉਂਕਿ ਗੁਰਬਾਣੀ ਅਤੇ ਪੁਰਾਤਨ ਰਹਿਤਨਾਮਿਆਂ ਵਿੱਚ ਨਸ਼ਿਆਂ ਦੇ ਵਰਤਣ ਤੋਂ ਗੁਰੂ ਕੇ ਸਿੱਖ ਨੂੰ ਸ਼ਖਤ ਮਨਾਹੀ ਕੀਤੀ ਗਈ ਹੈ।

*ਜਿਤੁ ਪੀਤੈ ਖਸਮੁ ਵੀਸਰੈ ਦਰਗਾਹ ਮਿਲੈ ਸਜਾਇ॥*
*ਝੂਠਾ ਮਦੁ ਮੂਲਿ ਨ ਪੀਚਈ ਜੇ ਕਾ ਪਾਰਿ ਵਸਾਇ॥*
(ਸਲੋਕ ਮਹਲਾ 3, 554)

*ਕੁੱਠਾ ਹੁਕਾ ਚਰਸ ਤਮਾਕੂ॥*
*ਗਾਂਜਾ ਟੋਪੀ ਤਾੜੀ ਖਾਕੂ॥*
*ਇਨ ਕੀ ਓਰ ਨ ਕਬਹੂ ਦੇਖੈ॥*
*ਰਹਿਤਵੰਤ ਸੋ ਸਿੱਖ ਵਿਸੇਖੈ॥*
(ਰਹਿਤਨਾਮਾ-ਭਾਈ ਦੇਸਾ ਸਿੰਘ ਜੀ)

ਇਸ ਦੇ ਪ੍ਰਤਿਕੂਲ ਇੱਕ ਗਾਇਕ ਲਈ ਐਸੀ ਕੋਈ ਬੰਦਸ਼ ਨਹੀਂ ਹੁੰਦੀ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਉਸਦਾ ਖਾਣਾ ਪੀਣਾ ਉਸ ਦੀ ਆਪਣੀ ਇੱਛਾ ਤੇ ਨਿਰਭਰ ਕਰਦਾ ਹੈ। ਪਰ ਉਸ ਲਈ ਇਹ ਜ਼ਰੂਰੀ ਨਹੀਂ ਕਿ ਉਹ ਤਾਮਸਿਕ ਭੋਜਨ ਅਤੇ ਨਸ਼ਿਆਂ ਆਦਿ ਦਾ ਸੇਵਨ ਕਰਨਹਾਰਾ ਹੋਵੇ। ਜਿੱਥੋਂ ਤੱਕ ਇੱਕ ਗਾਇਕ ਦੀ ਪੁਸ਼ਾਕ ਦਾ ਸਵਾਲ ਹੈ, ਉਹ ਹਮੇਸ਼ਾਂ ਇੱਕ ਭੜਕੀਲੀ ਪੁਸ਼ਾਕ ਵਿੱਚ ਹੀ ਸਟੇਜ ਤੇ ਦੇਖਿਆ ਜਾਂਦਾ ਹੈ। ਗਾਇਕ ਦੀ ਪੁਸ਼ਾਕ ਵਿੱਚ ਸਾਦਗੀ ਵਾਲੀ ਕੋਈ ਭੀ ਚੀਜ ਵੇਖਣ ਨੂੰ ਨਹੀਂ ਮਿਲਦੀ।

**10. ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ :** ਇੱਕ

ਕੀਰਤਨਕਾਰ ਹਮੇਸ਼ਾਂ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿੱਚ ਹੀ ਕੀਰਤਨ ਕਰਦਾ ਹੈ ਪਰ ਇੱਕ ਗਾਇਕ ਕਿਸੇ ਭੀ ਤਰ੍ਹਾਂ ਦੀ ਸਟੇਜ ਉੱਪਰ ਆਪਣੀ ਕਲਾ ਨੂੰ ਪ੍ਰਦਰਸ਼ਿਤ ਕਰ ਸਕਦਾ ਹੈ।

**11. ਚੌਂਕੜੀ ਮਾਰਕੇ ਕੀਰਤਨ ਕਰਨਾ :** ਕੀਰਤਨਕਾਰ ਹਮੇਸ਼ਾਂ ਗੁਰੂ ਦੀ ਹਜ਼ੂਰੀ ਵਿੱਚ ਚੌਕੜੀ ਮਾਰ ਕੇ ਕੀਰਤਨ ਕਰਦਾ ਹੈ ਕਿਉਂਕਿ ਇਹ ਗੁਰਮਤਿ ਦੀ ਮਰਿਯਾਦਾ ਹੈ। ਕਿਸੇ ਹੋਰ ਮੁਦ੍ਰਾ ਵਿੱਚ ਬੈਠ ਕੇ ਜਾ ਖੜ੍ਹੇ ਹੋ ਕੇ ਕੀਰਤਨ ਕਰਨ ਦੀ ਪਿਰਤ ਨਹੀਂ ਹੈ। ਪਰ ਇੱਕ ਗਾਇਕ ਕਿਸੇ ਹੋਰ ਮੁਦ੍ਰਾ ਵਿੱਚ ਬੈਠ ਕੇ, ਖੜ੍ਹੇ ਹੋ ਕੇ ਜਾਂ ਫਿਰ ਅੱਜਕਲ ਦੇ ਰੁਝਾਨ ਮੁਤਾਬਿਕ ਨੱਚ-ਟੱਪ ਕੇ ਗਾਇਨ ਕਰਦਾ ਹੈ।

**12. ਸੰਗੀਤ ਨੂੰ ਗੁਰਬਾਣੀ ਉੱਪਰ ਹਾਵੀ ਨਾ ਹੋਣ ਦੇਣਾ :** ਗੁਰਬਾਣੀ ਅਤੇ ਸੰਗੀਤ ਦੇ ਸੁਮੇਲ ਨੂੰ ਕੀਰਤਨ ਕਹਿੰਦੇ ਹਨ, ਜਿਸਦਾ ਅਸਲ ਮਨੋਰਥ ਗੁਰਬਾਣੀ ਤੋਂ ਜੀਵਨ ਦੀ ਸੇਧ ਪ੍ਰਾਪਤ ਕਰਨਾ ਹੁੰਦਾ ਹੈ। ਉਸ ਅਕਾਲ ਪੁਰਖ ਦੀ ਉਸਤਤ ਕਰਨੀ ਹੁੰਦੀ ਹੈ। ਕਿਉਂਕਿ ਸੰਗੀਤ ਇੱਕ ਐਸੀ ਕਲਾ ਹੈ ਜੋ ਕਿ ਹਰ ਇੱਕ ਮਨੁੱਖ ਦੇ ਮਨ ਨੂੰ ਦ੍ਰਵੀਭੂਤ ਕਰ ਦਿੰਦਾ ਹੈ, ਇਸ ਲਈ ਗੁਰਬਾਣੀ ਨੂੰ ਸਰਬ ਲੋਕਾਈ ਤਕ ਸੰਚਰਿਤ ਕਰਨ ਲਈ ਇਸ ਨੂੰ ਮਾਧਿਅਮ ਵਜੋਂ ਚੁਣਿਆ ਗਿਆ ਹੈ। ਅਸਲ ਵਿੱਚ ਦੋਹਾਂ ਵਿੱਚੋਂ ਗੁਰਬਾਣੀ ਦੀ ਮਹੱਤਤਾ ਅਧਿਕ ਹੈ। ਇਸ ਲਈ ਇੱਕ ਸਫਲ ਕੀਰਤਨਕਾਰ ਸੰਗੀਤ ਨੂੰ ਗੁਰਬਾਣੀ ਉੱਪਰ ਹਾਵੀ ਨਹੀਂ ਹੋਣ ਦਿੰਦਾ। ਉਹ ਸੰਗੀਤ ਦੇ ਸਹਾਰੇ ਦੁਆਰਾ ਗੁਰਬਾਣੀ ਦੇ ਭਾਵ ਨੂੰ ਸੰਗਤ ਦੇ ਮਨ ਵਿੱਚ ਸਪੱਸ਼ਟ ਤੌਰ ਤੇ ਉਤਾਰਨ ਵਿੱਚ ਸਹਾਈ ਹੁੰਦਾ ਹੈ। ਉਹ ਸੰਗੀਤ ਨੂੰ ਇੱਕ ਸਾਧਨ ਵਜੋਂ ਵਰਤੋਂ ਵਿੱਚ ਲਿਆਉਂਦਾ ਹੈ। ਇਹ ਸੋਝੀ ਉਸਨੂੰ ਗੁਰਬਾਣੀ ਤੋਂ ਹੀ ਪ੍ਰਾਪਤ ਹੁੰਦੀ ਹੈ। ਜਿਵੇਂ ਕਿ -

*ਭਗਤਿ ਨਾਰਦੀ ਰਿਦੈ ਨ ਆਈ,*
*ਕਾਛਿ ਕੂਛਿ ਤਨੁ ਦੀਨਾ॥*
*ਰਾਗ ਰਾਗਨੀ ਡਿੰਭ ਹੋਇ ਬੈਠਾ,*
*ਉਨਿ ਹਰਿ ਪਹਿ ਕਿਆ ਲੀਨਾ॥*

(ਰਾਗ ਸੋਰਠ ਬਾਣੀ ਭਗਤ ਕਬੀਰ ਜੀ, 654)

ਇਸ ਦੇ ਪ੍ਰਤਿਕੂਲ ਇੱਕ ਗਾਇਕ ਸੰਗੀਤ ਦੇ ਸਹਾਰੇ ਆਪਣੇ ਗੀਤਾਂ ਨੂੰ ਉਭਾਰਨ ਦੀ ਕੋਸ਼ਿਸ਼ ਕਰਦਾ ਹੈ। ਉਸਦਾ ਜ਼ਿਆਦਾ ਜੋਰ ਸੰਗੀਤ ਉੱਪਰ ਹੁੰਦਾ ਹੈ ਅਤੇ ਗੀਤ ਇੱਕ ਮਾਧਿਅਮ ਦਾ ਕੰਮ ਕਰਦਾ ਹੈ।

**13. ਸਤਿਕਾਰ ਸਹਿਤ ਕੀਰਤਨ :** ਇੱਕ ਕੀਰਤਨਕਾਰ ਨੈਣ ਸੰਤੋਖ ਕੇ, ਅੰਤਰਮੁਖੀ ਹੋ ਕੇ, ਬਿਨਾਂ ਇੱਧਰ ਉੱਧਰ ਤਾਕ ਝਾਕ ਲਾਇਆਂ, ਹਾਵ ਭਾਵ ਤੋਂ ਰਹਿਤ ਹੋਕੇ ਅਤੇ ਭਗਤੀ ਭਾਵ ਵਿੱਚ ਗੁਰੂ ਪ੍ਰਤੀ ਸ਼ਰਧਾ ਭਾਵਨੀ ਅਤੇ ਸਤਿਕਾਰ ਨਾਲ ਕੀਰਤਨ ਕਰਦਾ ਹੈ।

ਇਸ ਦੇ ਪ੍ਰਤਿਕੂਲ ਇੱਕ ਗਾਇਕ ਨੱਚ-ਟੱਪ ਕੇ, ਇੱਧਰ ਉੱਧਰ ਦਰਸ਼ਕਾਂ ਵਲ ਨਜ਼ਰ ਘੁੰਮਾਉਂਦਿਆਂ, ਚੇਹਰੇ ਤੇ ਕਈ ਤਰ੍ਹਾਂ ਦੇ ਹਾਵ-ਭਾਵ ਲਿਆਕੇ, ਜਾਂ ਇਓ ਕਹਿ ਲਵੋ ਕਿ ਪੂਰਨ ਤੌਰ ਤੇ ਬਾਹਰਮੁਖੀ ਹੋਕੇ ਸ੍ਰੋਤਿਆਂ ਦੀ ਖੁਸ਼ੀ ਅਤੇ ਵਾਹਵਾ ਹਾਸਲ ਕਰਦਾ ਹੈ।

**14. ਫੁਰਮਾਇਸ਼ :** ਇੱਕ ਕੀਰਤਨਕਾਰ ਆਪਣੇ ਬਣਾਏ ਪ੍ਰੋਗਰਾਮ ਅਨੁਸਾਰ, ਜਾਂ ਫਿਰ ਕਿਸੇ ਅਵਸਰ, ਜਿਵੇਂ ਕਿ ਗੁਰਪੁਰਬ, ਜਨਮ, ਮਰਣ, ਵਿਆਹ ਜਾਂ ਕਿਸੇ ਹੋਰ ਖੁਸ਼ੀ ਦੇ ਸੰਸਕਾਰ ਅਨੁਸਾਰ ਪ੍ਰਕਣ ਤਿਆਰ ਕਰਕੇ ਕੀਰਤਨ ਕਰਦਾ ਹੈ। ਉਸਦਾ ਕੀਰਤਨ ਕਰਨਾ, ਸੰਗਤ ਵਿੱਚੋਂ ਕਿਸੇ ਦੀ ਫੁਰਮਾਇਸ਼ ਤੇ ਨਿਰਭਰ ਨਹੀਂ ਕਰਦਾ।

ਪਰ ਇੱਕ ਗਾਇਕ ਹਰ ਵਕਤ, ਆਪਣੀ ਇੱਕ ਅੱਧੀ ਨਵੀਂ ਪੇਸ਼ਕਾਰੀ ਤੋਂ ਉਪਰੰਤ ਸ੍ਰੋਤਿਆਂ ਦੇ ਮਨ-ਭਾਉਂਦੇ ਗੀਤ ਗਾਉਣ ਵਿੱਚ ਹੀ ਮਾਣ ਮਹਿਸੂਸ ਕਰਦਾ ਹੈ।

**15. ਅਧਿਆਤਮ ਮਾਰਗ ਵਲ ਪ੍ਰੇਰਨਾ :** ਇੱਕ ਕੀਰਤਨਕਾਰ ਸੰਗਤ ਨੂੰ ਗੁਰਬਾਣੀ ਸੁਣਾਕੇ ਅਧਿਆਤਮ ਮਾਰਗ ਵਲ ਤੋਰਦਾ ਹੈ। ਕਿਸੇ ਗੌਹਜ ਸ਼ਬਦ ਦੇ ਭਾਵ ਨੂੰ ਸਪੱਸ਼ਟ ਕਰਨ ਲਈ ਉਹ ਅਨੇਕਾਂ ਪ੍ਰਮਾਣ ਗੁਰਬਾਣੀ ਵਿੱਚੋਂ ਹੀ ਦੇ ਕੇ ਸੰਗਤ ਨੂੰ ਕਈ ਵਿਸ਼ੇਸ਼ ਗੱਲਾਂ ਸਮਝਾ ਦਿੰਦਾ ਹੈ।

ਇਸ ਦੇ ਪ੍ਰਤਿਕੂਲ ਇੱਕ ਗਾਇਕ ਸ੍ਰੋਤੇ ਜਨਾਂ ਨੂੰ, ਪਦਾਰਥਵਾਦ, ਅਤੇ ਮਾਇਆਵਾਦ ਵਲ ਤੋਰ ਕੇ ਉਹਨਾਂ ਦੇ ਮਨਾਂ ਵਿੱਚ ਚੰਚਲਤਾ ਪੈਦਾ ਕਰ ਦਿੰਦਾ ਹੈ, ਜਿਸ ਦਾ ਕੁਝ ਚਿਰ ਦੇ ਮਨੋਰੰਜਨ ਤੋਂ ਇਲਾਵਾ ਨਾ ਤਾਂ ਕੋਈ ਇਸ ਲੋਕ ਵਿੱਚ ਕੋਈ ਫਾਇਦਾ ਹੁੰਦਾ ਹੈ ਅਤੇ ਨਾ ਹੀ ਪਰਲੋਕ ਵਿੱਚ।

ਕੁੱਲ ਮਿਲਾ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਇੱਕ ਕੀਰਤਨਕਾਰ ਪੂਰਵਤੌਰ ਤੇ ਅਧਿਆਤਮਕ ਮਾਰਗ ਤੇ ਚਲਣ ਵਾਲਾ ਹੁੰਦਾ ਹੈ ਅਤੇ ਸੰਗਤਾਂ ਨੂੰ ਇੱਕ ਪਾਸੇ ਵਲ ਚਲਣ ਲਈ ਪ੍ਰੇਰਿਤ ਕਰਦਾ ਹੈ, ਜਦ ਕਿ ਇਕ ਗਾਇਕ ਕੇਵਲ ਅਤੇ ਕੇਵਲ ਮਾਇਆ, ਸ਼ੋਹਰਤ ਅਤੇ ਮਨ ਪਰਚਾਵੇ ਨਾਲ ਸੰਬੰਧ ਰੱਖਦਾ ਹੈ। ☬

# ਮਤੁ ਦੇਖਿ ਭੂਲਾ ਵੀਸਰੈ

ਕਰਤਾਰ ਸਿੰਘ ਨੀਲਧਾਰੀ

162-ਏ, ਗਰੇਨ ਮਾਰਕੀਟ, ਚੰਡੀਗੜ੍ਹ

ਭਗਤੀ ਲਹਿਰ ਵਿੱਚ ਉਤਰੀ ਸੰਤ ਬਾਣੀ ਦੇ ਮੁਖ ਰੂਪ ਵਿੱਚ ਦੋ ਭਾਗ ਹਨ- ਸ਼ਬਦ ਤੇ ਸ਼ਲੋਕ। ਸੂਖਮ ਪਰੀਭਾਸ਼ਾ ਅਨੁਸਾਰ ਸ਼ਬਦ ਉਹ ਬਾਣੀ ਹੈ ਜੋ ਸੰਗੀਤ ਰਾਗ ਬੱਧ ਹੋ ਕੇ ਉਭਰੀ ਹੈ ਸਲੋਕ ਉਹ ਬਾਣੀ ਹੈ ਜੋ ਜਿਗਿਆਸਾ ਸ਼ਾਂਤ ਕਰਨ ਲਈ ਤੱਤ ਖਿੱਨ ਉਚਾਰੀ ਗਈ। ਇਸ ਵਿਧਾ ਦੇ ਇਤਿਹਾਸ ਵਿੱਚ ਨਾ ਜਾਂਦੇ ਹੋਏ ਅਸੀਂ ਦੇਖਦੇ ਹਾਂ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਬਾਣੀ ਵੀ ਅਜਿਹੀ ਦੋ ਪਰਿਭਾਸ਼ਾਵਾਂ ਦਾ ਪੂਰਾ ਨਿਰਬਾਹ ਕਰਦੀ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਸਿਰੀ ਰਾਗ ਤੋਂ ਜੈਜਾਵੰਤੀ ਰਾਗ ਦੀ ਇਕੱਤੀ ਰਾਗਾਂ ਦੀ ਪ੍ਰਤੱਖ ਯਾਤਰਾ ਤੋਂ ਬਾਦ ਸਹਸਕ੍ਰਿਤੀ ਸਲੋਕਾਂ ਨਾਲ ਰਾਗ ਰਹਿਤ ਬਾਣੀ ਪ੍ਰਾਰੰਭ ਹੋ ਜਾਂਦੀ ਹੈ। ਵਾਰਾਂ ਤੋਂ ਵਧੀਕ ਸਲੋਕਾਂ ਦੇ ਸਿਰਲੇਖ ਨਾਲ ਅੰਤਲਾ ਭਾਗ ਸਪਸ਼ਟ ਦਰਸਾਉਂਦਾ ਹੈ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਸਮੇਂ ਵਾਰਾਂ ਦੀ ਪਉੜੀਆਂ ਦੇ ਭਾਵ ਨੂੰ ਪ੍ਰਫੁਲਿਤ ਕਰਨ ਲਈ ਢੁਕਦੇ ਸ਼ਲੋਕ ਵਰਤ ਲਏ ਗਏ ਤੇ ਜਿਹੜੇ ਇਸ ਵਰਤੋਂ ਤੋਂ ਬਚੇ ਉਹ ਇਸ ਸਿਰਲੇਖ ਹੇਠ ਸੰਜੋਏ ਗਏ। ਇਸ ਤਰ੍ਹਾਂ ਸਲੋਕਾਂ ਦਾ ਗਾਇਨ ਜਾਂ ਕੀਰਤਨ ਕਿਸੇ ਨਿਸ਼ਚਿਤ ਰਾਗ ਤੇ ਅਨੁਸ਼ਾਸਨ ਤੋਂ ਮੁਕਤ ਕਿਹਾ ਜਾ ਸਕਦਾ ਹੈ, ਭਾਵੇਂ ਇਹ ਸਲੋਕ ਵਾਰਾਂ ਵਿੱਚ ਨਿਸ਼ਚਿਤ ਰਾਗਾਂ ਵਿੱਚ ਹੀ ਵਰਤੇ ਗਏ ਹਨ।

ਰਾਗ ਬੱਧ ਬਾਣੀ ਤੋਂ ਪਹਿਲਾਂ ਜਪੁਜੀ ਰੂਪੀ ਪਹਿਲੀ ਬਾਣੀ ਵੀ ਜਨਮ ਸਾਖੀ ਅਨੁਸਾਰ ਚੋਣਵਾਂ ਸੰਕਲਨ ਹੈ ਜੋ ਮੁਢਲੇ ਮੰਗਲਾਚਰਣ ਨੂੰ ਵਿਆਖਿਆ ਦਿੰਦੀ ਹੈ। ਜਪੁਜੀ ਸਾਹਿਬ ਦੀ ਕੁੱਜੇ ਵਿੱਚ ਸਮਾਈ ਸਮੁੰਦਰਾਂ ਤੋਂ ਚੌੜੀ ਦਾਰਸ਼ਨਿਕਤਾ ਨੂੰ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਵਿਸਤਾਰਿਆ ਗਿਆ ਹੈ। ਜਪੁਜੀ ਸਾਹਿਬ ਦੇ ਨਾਲ ਸੋਦਰ ਦੇ ਦੀਪਕੀ ਗਉੜੀ ਰੂਪੀ ਦੋ ਸੰਕਲਨ ਅੰਮ੍ਰਿਤਵੇਲਾ, ਸੰਧਿਆ ਤੇ ਸੌਣ ਵੇਲੇ ਦਾ ਲਘੂਤਮ ਨਿਤਨੇਮ ਮਿਥਿਆ ਗਿਆ ਹੈ! ਧਾਰਮਿਕ ਫਲਸਫੇ ਦਾ ਜੋ ਸ਼੍ਰੇਸ਼ਟ ਚਾਰ ਜੁਗਾਂ ਦੇ ਰਿੜਕਣ ਵਿੱਚੋਂ ਨਿਕਲਿਆ ਉਹ ਸ੍ਰੀ ਗੁਰੂ ਗ੍ਰੰਥ ਸਹਿਬ ਵਿੱਚ ਦਰਜ ਕਰ ਦਿੱਤਾ ਗਿਆ ਬਾਕੀ ਤਲਛਟ ਸੰਸਾਰ ਕੋਲੋਂ ਰਹਿ ਗਈ-

ਗੁਰੂਆਂ ਦਵਾਰਾ ਰਚੇ ਗੁਰੂ ਗ੍ਰੰਥ ਸਾਹਿਬ ਨੂੰ ਸਾਰੇ ਧਰਮ ਗ੍ਰੰਥਾਂ ਦਾ ਗੁਰੂ ਹੋਣ ਦਾ ਸਨਮਾਨ ਪ੍ਰਾਪਤ ਹੈ ਕਿਉਂਕਿ ਇਸ ਦਾ ਸਰੂਪ ਬ੍ਰਹਮ ਦੇ ਸਾਕਾਰ ਸਰੂਪ ਸ੍ਰੀ ਗੁਰੂ ਅਰਜੁਨ ਦੇਵ ਜੀ (ਗੁਰੂ ਅਰਜੁਨ ਪਰਤਖੁ ਹਰਿ) ਨੇ ਨਿੱਜੀ ਰੂਪ ਵਿੱਚ ਸਿਰਜਿਆ ਤੇ ਆਪਣੇ ਆਸਨ ਤੇ ਸਥਾਪਿਤ ਕਰਕੇ ਆਪ ਮੱਥਾ ਟੇਕਿਆ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਪਹਿਲਾ ਰਾਗ ਸਿਰੀ ਰਾਗ (33 ਸਮ ਰੂਪ-ਸ੍ਰੀ) ਹੈ ਜਿਸਦਾ ਗਾਇਨ ਸਮਾਂ ਮਹਾਨ ਕੋਸ਼ ਅਨੁਸਾਰ ਲੋਢੇ ਵੇਲਾ ਹੈ। ਇਸ ਦਾ ਪਹਿਲੇ ਸ਼ਬਦ ਵਿੱਚ ਸੰਸਾਰ ਵਿੱਚ ਜਨਮ ਲੈ ਕੇ ਕਿਸੇ ਵਿਅਕਤੀ ਦੁਆਰਾ ਪ੍ਰਾਪਤ ਵੱਡੇ ਤੋਂ ਵੱਡੇ ਵੈਭਵ ਅਤੇ ਸਮਰੱਥਾ ਦੀ ਸਾਰਹੀਨਤਾ ਦਰਸਾਈ ਗਈ ਹੈ। ਇਹ ਦਸਣ ਯੋਗ ਹੋਵੇਗਾ ਕਿ ਸ੍ਰੀ ਦਾ ਅਰਥ ਲਕਸ਼ਮੀ, ਧਨ, ਵੈਭਵ, ਤੇਜ ਪ੍ਰਤਾਪ ਤੇ ਲੌਕਿਕ ਤੇ ਪਾਰ ਲੌਕਿਕ ਸ਼ਕਤੀ ਨਾਲ ਜੋੜਿਆ ਜਾਂਦਾ ਹੈ। ਇਸ ਸ਼ਬਦ ਦੀ ਵਿਚਾਰ ਕਰਨ ਤੋਂ ਪਹਿਲਾਂ ਸਾਨੂੰ ਜਪੁਜੀ ਸਾਹਿਬ ਜੀ ਦੀ ਪਹਿਲੀ ਪਉੜੀ ਦਾ ਇਹ ਅੰਸ਼ ਧਿਆਨ ਵਿੱਚ ਰੱਖਣਾ ਪਵੇਗਾ। ਸ੍ਰੀ ਗੁਰੂ ਨਾਨਕ ਦੇਵ ਜੀ ੧ਓ ਤੋਂ ਅਕਾਲ ਪੁਰਖ ਦੀ ਪਰਿਭਾਸ਼ਾ ਨੂੰ ਗੁਰ ਪ੍ਰਸਾਦਿ ਤਕ ਪੁਚਾਂਦੇ ਹਨ ਤੇ ਫੇਰ ਪਹਿਲੇ ਸਲੋਕ ਵਿੱਚ ਸਚੁ ਸਰੂਪ ਅਕਾਲ ਪੁਰਖ ਦੀ ਨਿਰੰਤਰਤਾ ਸਥਾਪਿਤ ਕਰਦੇ ਹਨ। ਸਚੁ ਸਰੂਪ ਦੇ ਜਪੁ ਦੇ ਇਸ ਉਪਦੇਸ਼ ਤੋਂ ਬਾਦ ਮਨੁੱਖ ਜਾਤ ਦੀ ਸੰਸਾਰੀ ਪ੍ਰਾਪਤੀਆਂ ਤੇ ਸਾਧਨਾ ਸਿੱਧੀ ਦਾ ਇੰਞ ਨਿਰੂਪਣ ਕੀਤਾ ਹੈ-

*ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ।*
*ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵ ਤਾਰ।*
*ਭੁਖਿਆ ਭੁਖ ਨਾ ਉਤਰੀ ਜੇ ਬੰਨਾ ਪੁਰੀਆ ਭਾਰ।*
*ਸਹਸ ਸਿਆਣਪ ਲਖ ਹੋਇ ਤ ਇਕ ਨ ਚਲੈ ਨਾਲਿ।*

ਤੇ ਇਸ ਫਲਸਫੇ ਨੂੰ ਸਿਰੀ ਰਾਗ ਦਾ ਪਹਿਲਾ ਸ਼ਬਦ ਇੰਞ ਵਿਸਤਾਰ ਦੇ ਰਿਹਾ ਹੈ-

*੧ਓ ਸਤਿਗੁਰ ਪ੍ਰਸਾਦਿ-ਸਿਰੀ ਰਾਗੁ ਮਹਲਾ ੧-ਪਦੇ।*
*ਮੋਤੀ ਤ ਮੰਦਰ ਊਸਰਹ ਰਤਨੀ ਤ ਹੋਹਿ ਜੜਾਉ*
*ਕਸਤੂਰਿ ਕੁੰਗੂ ਅਗਰਿ ਚੰਦਨ ਲੀਪਿ ਆਵੈ ਚਾਉ।*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।੧।*

- ਕਲਪਨਾ ਸ਼ਕਤੀ ਦੀ ਸਰਬੋਤਮ ਚਿਤਵਨ ਨਾਲ ਮੋਤੀਆਂ ਦੇ ਮੰਦਿਰ ਦੀ ਉਸਾਰੀ ਲਈ ਕਸਤੂਰੀ, ਕੁੰਗੂ ਅਗਰ ਤੇ ਚੰਦਨ ਦੇ ਗਾਰੇ ਨੂੰ ਵਰਤ ਕੇ ਰਤਨ ਜਵਾਹਰਾਤਾਂ ਨਾਲ ਜੜਤ ਕੀਤਾ ਗਿਆ ਹੈ। ਅਜਿਹੇ ਵੈਭਵ ਨੂੰ ਦੇਖ ਕੇ ਵੀ ਪ੍ਰਭੂ ਦੇ ਨਾਮ ਸਿਮਰਨ ਤੋਂ ਵਿਛੋੜੇ

ਦੀ ਚੇਤਾਵਨੀ ਦਿੱਤੀ ਗਈ ਹੈ।

*ਹਰਿ ਬਿਨੁ ਜੀਉ ਜਲਿ ਬਲਿ ਜਾਉ।*
*ਮੈ ਆਪਣਾ ਗੁਰੁ ਪੂਛਿ ਦੇਖਿਆ।*
*ਅਵਰੁ ਨਾਹੀ ਥਾਉ॥੧॥ ਰਹਾਉ।*

ਰਹਾਉ ਜਾਂ ਗਾਇਕੀ ਦਾ ਸਥਾਈ ਬਾਣੀ ਦਾ ਕੇਂਦਰੀ ਫਲਸਫਾ ਕਿਹਾ ਜਾਂਦਾ ਹੈ ਜਿਸ ਦੇ ਦੁਆਲੇ ਅੰਤਰੇ ਰੂਪੀ ਬਾਕੀ ਪਦਾਂ ਦਾ ਸ਼ਿੰਗਾਰ ਕੀਤਾ ਜਾਂਦਾ ਹੈ। ਉਪਰੋਕਤ ਚੇਤਾਵਨੀ ਦਾ ਕਾਰਣ ਸਪਸ਼ਟ ਕੀਤਾ ਹੈ-

ਹਰੀ ਤੋਂ ਬਗੈਰ ਹਿਰਦਾ ਕੋਲਾ ਬਣ ਜਾਂਦਾ ਹੈ। ਮੈਂ ਆਪਣੇ ਗੁਰੂ ਤੋਂ ਇਹੋ ਸਿੱਖਿਆ ਲਈ ਹੈ ਕਿ ਪ੍ਰਮਾਤਮਾ ਤੋਂ ਬਗੈਰ ਜੀਵਆਤਮਾ ਦਾ ਹੋਰ ਕੋਈ ਆਸਰਾ ਜਾਂ ਥਹੁ ਠਿਕਾਨਾ ਨਹੀਂ। ਭਾਵ ਜੀਵਆਤਮਾ ਦਾ ਅੰਤਿਮ ਲਕਸ਼ ਪਰਮਾਤਮਾ ਨਾਲ ਸਮਾ ਜਾਣ ਵਿੱਚ ਨਿਹਿਤ ਹੈ। ਰਹਾਉ।

ਧਰਤੀ ਤੇ ਹੀਰੇ ਲਾਲ ਜੜਤੀ ਪਲੰਘਿ ਲਾਲ ਜੜਾਉ।

*ਮੋਹਣੀ ਮੁਖਿ ਮਣੀ ਸੋਹੈ ਕਰੇ ਰੰਗਿ ਪਸਾਉ।*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥੨॥*

- ਉਸ ਮਹਲ (ਉਸਾਰੀ) ਵਿੱਚ ਮੇਰੇ ਨਿੱਜੀ ਕਮਰੇ ਦੇ ਫਰਸ਼ ਨੂੰ ਹੀਰੇ ਤੇ ਲਾਲਾਂ ਨਾਲ ਜੜਿਆ ਹੋਵੇ ਤੇ ਉੱਥੇ ਪਏ ਪਲੰਗ ਨੂੰ ਜੜੇ ਲਾਲ ਜਗਮਗਾਹਟ ਕਰ ਰਹੇ ਹੋਣ। ਉਸ ਪਲੰਗ ਉੱਤੇ ਸਰਬਾਂਗ ਸੁੰਦਰੀ ਸੋਲਹ ਸ਼ਿੰਗਾਰ ਕਰਕੇ ਮਣੀਆਂ ਦੇ ਗਹਿਣਿਆਂ ਵਿੱਚ ਦਮਕ ਰਹੀ ਹੋਵੇ ਅਤੇ ਪ੍ਰੇਮ ਭਾਵ ਨਾਲ ਸੱਦਾ ਦੇ ਰਹੀ ਹੋਵੇ। ਚੇਤਾਵਨੀ ਹੈ ਮੇਰੇ ਮਨ ਕਿ ਮੈਂ ਇਸ ਵੈਭਵ ਵਿੱਚ ਸਿਰਜਨਹਾਰ ਨੂੰ ਨਾ ਵਿਸਾਰ ਦਿਆਂ।

*ਸਿਧੁ ਹੋਵਾ ਸਿਧਿ ਲਾਈ ਰਿਧਿ ਆਖਾ ਆਉ।*
*ਗੁਪਤੁ ਪਰਗਟੁ ਹੋਇ ਬੈਸਾ ਲੋਕੁ ਰਾਖੈ ਭਾਉ।*
*ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿਨ ਆਵੈ ਨਾਉ॥੩॥*

ਰੰਗ ਮਹਲ ਦੇ ਵੈਭਵ ਤੋਂ ਬਾਦ ਹੁਣ ਸਕਾਮ ਭਗਤੀ ਦੇ ਵੈਭਵ ਤੋਂ ਨਿਰਲੇਪ ਰਹਿ ਕੇ ਨਿਸ਼ਕਾਮ ਪ੍ਰਭੂ ਧਿਆਨ ਦੀ ਦ੍ਰਿੜਤਾ ਲਈ ਚੇਤਾਵਨੀ ਦਿੱਤੀ ਗਈ ਹੈ। ਸਿੱਧੀਆਂ ਦਾ ਆਠਾਰਾਂ ਸ਼ਕਤੀਆਂ ਹਾਸਲ ਹੋ ਜਾਣ ਤੇ ਰਿਧੀਆਂ ਮੇਰੇ ਅਧਿਕਾਰ ਹੇਠ ਹੋਣ। ਆਪਣੀ ਇੱਛਾ ਨਾਲ ਗੁਪਤ-ਪਰਗਟ (ਲੋਪ-ਪ੍ਰਤੱਖ) ਹੋ ਸਕਾਂ ਅਤੇ ਸੰਸਾਰ ਦੇ ਲੋਕ ਮੇਰੀ ਸ਼ਕਤੀ ਅੱਗੇ ਭਾਵੇਂ ਮੱਥਾ ਵੀ ਟੇਕਣ, ਇਹ ਸਾਰਾ ਕੁਝ ਭਰਮ ਜਾਲ ਤੇ ਮਾਇਆ ਜਾਲ ਤੋਂ ਵਧ ਕੁਝ ਨਹੀਂ।

*ਸੁਲਤਾਨੁ ਹੋਵਾ ਮੇਲਿ ਲਸਕਰ ਤਖਤਿ ਰਾਖਾ ਪਾਉ।*
*ਹੁਕਮੁ ਹਾਸਲੁ ਕਰੀ ਬੈਠਾ ਨਾਨਕਾ ਸਭ ਵਾਉ।*
*ਮਤੁ ਦੇਖਿ ਭੂਲਾ ਵੀਸਰੈ*
*ਤੇਰਾ ਚਿਤਿ ਨ ਆਵੈ ਨਾਉ॥੪॥੧॥*

ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ ਜੇਕਰ ਇੱਕ ਵੱਡਾ ਸਮਰਾਟ (ਬਾਦਸ਼ਾਹ) ਬਣ ਕੇ ਫੌਜੀ ਤਾਕਤ ਦੇ ਜ਼ੋਰ ਨਾਲ ਆਪਣੇ ਤੱਖਤ ਤੇ ਟਿਕ ਜਾਵਾਂ। ਤਖਤ ਤੇ ਬੈਠ ਕੇ ਹੁਕਮ ਚਲਾਵਾਂ ਤੇ ਕਰ (ਟੈਕਸ) ਇਕੱਠੇ ਕਰ ਲਵਾਂ ਤਾਂ ਇਹ ਵੈਭਵ ਵੀ ਹਵਾ ਵਾਂਗ ਚਲਾਇਮਾਨ (ਸਥਿਰ ਨਹੀਂ) ਹੈ। ਇਸ ਕਰਕੇ ਮੈਂ ਆਪਣੀ ਨਿਜ ਆਤਮਾ ਨੂੰ ਖਬਰਦਾਰ ਕਰਦਾ ਹਾਂ ਕਿ ਕਿਤੇ ਉਪਰੋਕਤ ਮਾਇਆ ਜਾਲ ਦੀ ਛਲਨਾ ਵਿੱਚ ਪ੍ਰਮਾਤਮਾ ਦਾ ਨਾਮ ਨਾ ਵਿਸਰ ਜਾਏ ਤੇ ਮੈਂ ਬੇਮੁਖ ਹੋ ਜਾਵਾਂ।

ਇਸ ਤਰ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪਹਿਲੇ ਰਾਗ (ਸਿਰੀ ਰਾਗ) ਦੇ ਪਹਿਲੇ ਸ਼ਬਦ ਵਿੱਚ ਕਲਪਨਾ ਸ਼ਕਤੀ ਦੇ ਸ਼੍ਰੇਸ਼ਟਤਮ ਰੂਪ ਵਿੱਚ ਉਸਾਰੀ, ਗ੍ਰਿਹਸਤਸੁਖ, ਰਿਧੀਆਂ-ਸਿੱਧੀਆਂ ਦਾ ਅਧਿਕਾਰ ਤੇ ਬਲ ਅਤੇ ਰਾਜ ਵੈਭਵ ਸ਼ਕਤੀ ਦੇ ਚਿਤਰਨ ਵਿੱਚੋਂ ਜੀਵਾਤਮਾ ਨੂੰ ਨਿਰਲੇਪ ਰਹਿ ਕੇ (ਜੇਕਰ ਅਜਿਹੀ ਸ੍ਰੀ ਜਾਂ ਵੈਭਵ ਪ੍ਰਾਪਤ ਵੀ ਹੋ ਜਾਏ) ਇੱਕ ਪਰਮਾਤਮਾ ਦੀ ਟੇਕ ਨੂੰ ਸਵਾਸ ਸਵਾਸ ਚੇਤੇ ਰੱਖ ਕੇ 'ਜਪੁ' ਦੇ ਸ਼ਬਦ ਨੂੰ ਮੂਰਤੀਮਾਨ ਤੇ ਸਰਵੋਪਰੀ ਪਰੀਭਾਸ਼ਿਤ ਕੀਤਾ ਹੈ। ☬


Communication Centre
Formal Restaurants
Exhibition Rooms
Accommodation
Tours & Travels
Informal Eating
Conferencing
Floral Shop
Seminars

**THE AROMA**
**Sector: 22 - C, Chandigarh,**
**Ph.:** 700045-48 **Fax :** 0172-700051
**E-mail :** hotelaroma@glide.net.in
**Website :** www.hotelaroma.com

Premium Event Centre
Millennium Centre
Deliberations
Abhinandan
Exporama
Mind Set
Phulkari
Art Craft

*Metres and metres of endless possibilities*

# ਗੁਰ ਬਿਨੁ ਗਿਆਨੁ ਨ ਹੋਇ

ਸਤਨਾਮ ਕੌਰ

ਬੀ-304, ਸਾਲਵੇਡੋਰ ਸ਼ਾਸਤਰੀ ਨਗਰ, 4-ਬੰਗਲੋ, ਅੰਧੇਰੀ (ਵੈਸਟ) ਮੁੰਬਈ 400 050

ਸੰਸਾਰ ਦੇ ਸਾਰੇ ਕੰਮ ਠੀਕ ਤਰ੍ਹਾਂ ਕਰਨ ਲਈ ਸਾਨੂੰ ਗਿਆਨ ਦੀ ਲੋੜ ਹੈ। ਜਿਵੇਂ :

- ਚੰਗਾ ਖਾਣਾ ਬਨਾਣ ਲਈ ਕੁਕਿੰਗ ਦੇ ਗਿਆਨ ਦੀ ਲੋੜ ਹੈ।
- ਕੋਈ ਮਸ਼ੀਨ ਬਨਾਣੀ ਹੋਵੇ ਤਾਂ ਉਸਦਾ ਗਿਆਨ ਹੋਣਾ ਚਾਹੀਦਾ ਹੈ।
- ਬਿਜ਼ਨਸ ਕਰਨਾ ਹੋਵੇ ਯਾ ਆਪਣੇ ਕਾਰੀਗਰਾਂ ਨਾਲ ਡੀਲ ਕਰਨਾ ਹੋਵੇ ਗਿਆਨ ਦੀ ਲੋੜ ਹੈ।
- ਕਾਰ ਚਲਾਣੀ ਹੋਵੇ ਡਰਾਈਵਿੰਗ ਦਾ ਗਿਆਨ ਲਾਜ਼ਮੀ ਹੈ।

ਇਸੇ ਤਰ੍ਹਾਂ ਸਾਨੂੰ ਮਨ ਦੀ ਸੱਚੀ ਖੁਸ਼ੀ ਹਾਸਲ ਕਰਨ ਲਈ ਤੇ ਭਵਸਾਗਰ ਤੋਂ ਪਾਰ ਹੋਣ ਲਈ ਗੁਰੂ ਦੇ ਗਿਆਨ ਦੀ ਅਤਿਅੰਤ ਲੋੜ ਹੈ। ਉਹ ਰੱਬੀ ਗਿਆਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਅੰਕਿਤ ਹੈ।

ਇਹ ਗਿਆਨ ਅਥਾਹ ਹੈ ਇਸ ਦਾ ਅੰਤ ਨਹੀਂ ਪਾਇਆ ਜਾ ਸਕਦਾ।

*ਗੁਰੂ ਦਾ ਅਰਥ :* ਸਭ ਤੋਂ ਪਹਿਲਾਂ ਇਹ ਵੇਖਣਾ ਹੈ ਕਿ ਗੁਰੂ ਦਾ ਕੀ ਮਤਲਬ ਹੈ? ਗੁਰੂ means ਧਾਰਮਕ ਟੀਚਰ। ਜੋ ਅਗਿਆਨਤਾ ਦਾ ਅੰਧੇਰਾ ਦੂਰ ਕਰਕੇ ਗਿਆਨ ਦਾ ਪ੍ਰਕਾਸ਼ ਕਰੇ। ਜੋ ਸਾਨੂੰ ਆਤਮ ਤੱਤ ਦੀ ਪਹਿਚਾਣ ਕਰਾਏ।

ਸਾਡਾ ਮਨ ਅਗਿਆਨਤਾ ਦੇ ਘੁੱਪ ਅੰਧੇਰੇ ਵਿੱਚ ਹੈ ਉਸਨੂੰ ਗਿਆਨ ਦੇ ਪ੍ਰਕਾਸ਼ ਨਾਲ ਰੋਸ਼ਨ ਕਰਨਾ ਹੈ-

*ਅਗਿਆਨੁ ਅੰਧੇਰਾ ਕਟਿਆ*
*ਗੁਰ ਗਿਆਨੁ ਘਟਿ ਬਲਿਆ॥* (ਪੰਨਾ 450)
*ਅਗਿਆਨ ਅੰਧੇਰਾ ਮਿਟਿ ਗਇਆ*
*ਗੁਰ ਗਿਆਨ ਦੀਪਾਇਓ॥* (ਪੰਨਾ 241)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਆਪਣਾ ਗੁਰੂ ਮੰਨਿਆ ਹੈ ਕਿਉਂਕਿ ਅਕਾਲ ਪੁਰਖ ਹੀ ਕਰਤਾ ਪੁਰਖ ਹੈ। ਉਸ ਨੇ ਸੰਸਾਰ ਦੀ ਰਚਨਾ ਕੀਤੀ ਹੈ ਅਤੇ ਸੰਸਾਰ ਨੂੰ ਗਿਆਨ ਵੀ ਦੇ ਰਿਹਾ ਹੈ।

ਮੈਨੂੰ ਬਚਪਨ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੇ ਅਟਰੈਕਟ ਕੀਤਾ ਹੈ -ਕਨਵਿਨਸ ਕੀਤਾ ਹੈ - ਜੀਵਨ ਦੇ ਹਰ ਉਤਾਰ ਚੜ੍ਹਾਵ ਵਿੱਚ ਗਾਈਡ ਕੀਤਾ ਹੈ - ਕਿਵੇਂ? ਉਹ ਦੱਸਣ ਦੀ ਕੋਸ਼ਿਸ਼ ਕਰਾਂਗੀ :

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਜੋ ਬਾਣੀ ਹੈ ਉਸ ਦੀ ਰਚਨਾ ਵਾਹਿਗੁਰੂ ਅਕਾਲ ਪੁਰਖ ਨੇ ਆਪ ਕੀਤੀ ਹੈ ਇਸ ਲਈ ਇਹ ਬਾਣੀ ਸੱਚੀ ਹੈ। ਹਰ ਮਨੁੱਖ ਇਸ ਨੂੰ ਸਮਝ ਕੇ ਆਪਣੀ ਮੰਜ਼ਿਲ ਤੱਕ ਪਹੁੰਚ ਸਕਦਾ ਹੈ। ਕਿਉਂਕਿ ਇਹ ਬਾਣੀ ਧੁਰ ਤੋਂ ਆਈ ਹੈ ਅਤੇ ਧੁਰ ਤਕ ਲੈ ਜਾਂਦੀ ਹੈ।

ਗੁਰੂ ਗ੍ਰੰਥ ਸਾਹਿਬ ਦਾ ਗਿਆਨ ਸੰਪੂਰਨ ਹੈ -

ਸੰਸਾਰ ਦੇ ਦੂਸਰੇ ਸਾਰੇ ਗਿਆਨ ਅਧੂਰੇ ਹਨ ਜਿਵੇਂ ਲਾਇਕ ਤੋਂ ਲਾਇਕ ਡਾਕਟਰ ਕੋਲੋਂ ਵੀ ਗਲਤੀ ਹੋ ਜਾਂਦੀ ਹੈ। ਸਿਆਣੇ ਤੋਂ ਸਿਆਣੇ ਜੋਤਸ਼ੀ ਦਾ ਗਿਆਨ ਵੀ ਅਧੂਰਾ ਹੋ ਸਕਦਾ ਹੈ ਕਿਉਂਕਿ ਉਹ ਮਨੁੱਖਾਂ ਦਾ ਭਵਿਸ਼ ਪੂਰੀ ਤਰ੍ਹਾਂ ਨਹੀਂ ਬਿਆਨ ਕਰ ਸਕਦੇ। ਉਸ ਵਿੱਚ ਭੁੱਲ ਹੋ ਜਾਂਦੀ ਹੈ ਪਰ ਇਹ ਬਾਣੀ ਸੰਪੂਰਨ ਹੈ ਇਸ ਦੇ ਗਿਆਨ ਨਾਲ ਅਸੀਂ ਆਪਣਾ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ ਕਰ ਸਕਦੇ ਹਾਂ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ highest level ਦਾ ਗਿਆਨ ਹੈ ਜਿਸਨੂੰ ਸਮਝਣ ਜਨਮ ਮਰਨ ਦਾ ਗੇੜ ਕਟਿਆ ਜਾ ਸਕਦਾ ਹੈ। ਜਿਵੇਂ ਕਿਸੇ departmental store ਵਿੱਚ ਹਰ ਚੀਜ਼ ਮੌਜੂਦ ਹੁੰਦੀ ਹੈ ਉਸੇ ਤਰ੍ਹਾਂ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਨੂੰ ਹਰ level ਦਾ ਮਨੁੱਖ ਸਮਝ ਸਕਦਾ ਹੈ। ਇਸ ਵਿੱਚ ਸਰਲ ਤੋਂ ਸਰਲ ਬਾਣੀ ਵੀ ਹੈ ਅਤੇ ਕਠਿਨ ਤੋਂ ਕਠਿਨ ਵੀ ਹੈ।

Example (ਸਰਲ ਬਾਣੀ ਦਾ) :

*ਜਉ ਸੁਖ ਕਉ ਚਾਹੈ ਸਦਾ ਸਰਨਿ ਰਾਮ ਕੀ ਲੇਹ।*
(ਪੰਨਾ 1427)

Example (ਕਠਿਨ ਬਾਣੀ ਦਾ) :

*ਹੁਕਮਿ ਰਜਾਈ ਚਲਣਾ*
*ਪ੍ਰਭ ਕੈ ਸਿਮਰਨਿ ਕਮਲ ਬਿਗਾਸਨ।* (ਪੰਨਾ 263)

ਇਸ ਬਾਣੀ ਦੀ ਸਭ ਤੋਂ ਵੱਡੀ ਮਹਿਮਾ ਇਹ ਹੈ ਕਿ ਜੇਕਰ ਇਸਨੂੰ ਸਮਝ ਕੇ ਪੜ੍ਹੀਏ ਤਾਂ ਹਰ ਸ਼ੰਕੇ ਦਾ ਨਿਵਾਰਨ ਹੁੰਦਾ ਹੈ।

Message : ਬਾਣੀ ਨੂੰ ਸਮਝ ਕੇ ਭਾਉ ਨਾਲ ਪੜ੍ਹਨਾ ਜ਼ਰੂਰੀ ਹੈ। ਕੇਵਲ ਇਹ ਗੁਰੂ ਕਹਿਣ ਨਾਲ ਕੁਛ ਨਹੀਂ ਬਣਦਾ। ਸਚਮੁਚ ਅੰਦਰੋਂ ਮੰਨਣਾ ਕਿ ਇਹ ਇਲਾਹੀ ਬਾਣੀ ਹੈ ਅਤੇ ਇਸ ਨਾਲ ਮੇਰਾ ਪਾਰ ਉਤਾਰਾ ਹੋਵੇਗਾ।

Pledge : ਜਿਤਨਾ ਹੋ ਸਕੇ ਆਪ ਪਾਠ ਕਰੀਏ, ਅਰਥ ਭਾਵ ਸਮਝੀਏ ਤੇ ਇਸ ਅਨਮੋਲ ਖ਼ਜਾਨੇ ਨੂੰ ਸੰਸਾਰ ਵਿੱਚ ਵੰਡੀਏ।

# ਕੀ ਮੈਂ ਸਿੱਖ ਸਦਾ ਸਕਦਾ ਹਾਂ?

ਕੁਲਦੀਪ ਸਿੰਘ ਮਤਵਾਲਾ
2225 ਸੈਕਟਰ, 44-C

ਗੁਰਬਾਣੀ ਨੂੰ ਗਾਣਾ ਸਿੱਖਿਆ। ਤੜਕੇ ਉੱਠ ਧਿਆਨਾ ਸਿੱਖਿਆ।
ਦੂਜਿਆਂ ਤਾਂਈਂ ਸੁਨਾਣਾ ਸਿੱਖਿਆ। ਪੜ੍ਹ ਸੁਣ ਕੇ ਭੁਲ ਜਾਣਾ ਸਿੱਖਿਆ।
ਅਮਲ ਕਰਨ ਨੂੰ ਜੀ ਨਹੀਂ ਕਰਦਾ, ਅਮਲ ਤੋਂ ਲਾਂਭੇ ਜਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਸਿੱਖਿਆ ਸ਼ਬਦ ਨਾ ਮੰਨ ਵਸਾਣਾ। ਹਸਣਾ, ਸੌਣਾ, ਪੀਣਾ-ਖਾਣਾ।
ਕਰਮ ਧਰਮ ਦੀ ਸਾਰ ਨਾ ਜਾਣਾ। ਦਿੱਲ ਸਿੱਖਿਆ ਮੈਂ ਸਭ ਦਾ ਢਾਣਾ।
ਗੁਣ ਸਦਾ ਆਪਣੇ ਹੀ ਗਾਣਾ, ਐਸੇ ਕਰਮ ਕਰ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਗੁਰਬਾਣੀ ਨਹੀਂ ਰਿਦੇ ਵਿਚਾਰੀ। ਨਾ ਹੀ ਮਨ ਨੂੰ ਲਗੀ ਪਿਆਰੀ।
ਪੜ੍ਹ ਦਿੱਤੀ ਸਾਰੀ ਦੀ ਸਾਰੀ। ਸਿੱਖਿਆ ਇੱਕ ਭੀ ਮਨ ਨਹੀਂ ਧਾਰੀ।
ਸਿਫਤ ਕਿਸੇ ਦੀ ਸੁਣ ਨਹੀਂ ਸਕਦਾ, ਆਪਣੇ ਸੋਹਲੇ ਗਾ ਸਕਦਾ ਹਾਂ?
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਪਰ ਨਿੰਦਾ ਨਹੀਂ ਮਨ ਤੋਂ ਛੁੱਟੀ। ਭਾਵੇਂ ਗੁਰਸਿਖਾਂ ਸੰਗ ਤੁਟੀ।
ਜੜ੍ਹ ਆਪਣੀ ਮੈਂ ਆਪੇ ਪੁਟੀ। ਹਉਂ ਲੁਟੀ ਹਉਂ ਆਪੇ ਲੁਟੀ।
ਨਿੰਦਾ ਵਿੱਚ ਪ੍ਰਬੀਨ ਬਹੁਤ ਮੈਂ, ਭਾਂਬੜ ਅੱਗ ਮਚਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਚੁਗਲੀ ਕਰ ਮੈਂ ਕਾਜ ਵਿਗਾੜਾਂ। ਸੁਖ ਵਸਦੇ ਮਾਂ-ਜਾਏ ਪਾੜਾਂ।
ਨਫ਼ਰਤ ਦੀ ਅਗਨੀ ਵਿੱਚ ਸਾੜਾਂ। ਅਵਸਰ ਐਸਾ ਸਦ ਹੀ ਤਾੜਾਂ।
ਜਦ ਭੀ ਮੌਕਾ ਮਿਲ ਜਾਵੇ, ਮੈਂ ਝਟ ਪੁਆੜਾ ਪਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਅੱਗ ਬਬੂਲਾ ਕ੍ਰੋਧ 'ਚ ਸੜਦਾ। ਬੇ-ਮਤਲਬ ਹੋਰਾਂ ਸੰਗ ਲੜਦਾ।
ਰਜ ਖਾਂਦੇ ਨੂੰ ਜਰਾ ਨਾ ਜਰਦਾ। ਆਪਣੇ ਦੋਸ਼ ਹੋਰਾਂ ਸਿਰ ਮੜ੍ਹਦਾ।
ਸ਼ੁਭ ਗੁਣਾਂ ਤੋਂ ਖਾਲਮ-ਖਾਲੀ, ਧਰਮੀ ਪੁਰਸ਼ ਕਹਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਪਰ ਤ੍ਰਿਅ ਨੇਹ, ਸਰਪ ਜਿਉਂ ਯਾਰੀ। ਇੱਕੋ ਜਿਹੀ ਗਲ, ਗੁਰਾਂ ਉਚਾਰੀ।
ਖੈਰ ਨਾਂ ਪੱਲੇ, ਸਦਾ ਖੁਆਰੀ। ਫਿਰ ਭੀ ਪਰ ਤ੍ਰਿਆ ਹਿਤਕਾਰੀ।
ਰੁਪੈ, ਕਾਮੈ, ਖਰੀ ਦੋਸਤੀ, ਪਾਪ ਬਿਸਾਹਨ ਜਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਹਿਰਦੇ ਵਿੱਚ ਬਿਬੇਕ ਨਾਂ ਵਸਿਆ। ਜੋ ਜੋ ਸਤਿਗੁਰ ਜੀ ਨੇ ਦੱਸਿਆ।
ਕਰਮ ਕਾਂਡ ਵਿੱਚ ਡਾਢ੍ਹਾ ਫਸਿਆ। ਸੱਚ ਆਚਾਰ ਤੋਂ ਮੁੜ ਮੁੜ ਨਸ੍ਹਿਆ।
ਸੱਚ ਆਚਾਰ ਨਹੀਂ ਰੰਗ ਰਾਤਾ, ਸੱਚ ਨੂੰ ਝੂਠ ਬਣਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਕਪਟੀ ਹੋਇ ਕੇ ਕਪਟ ਕਮਾਵਾਂ। ਆਪ ਨਾਂ ਬੁਝਾਂ ਲੋਕ ਬੁਝਾਵਾਂ।
ਭਲਾ ਕਰਨ ਦੇ ਰਾਹ ਨਾਂ ਜਾਵਾਂ। ਭਾਵੇਂ ਸਹੁ ਭਾਵਾਂ, ਨਾ ਭਾਵਾਂ।
ਸੇਵਾ ਸਿਮਰਨ ਹੈ ਨਹੀਂ ਪੱਲੇ, ਫਿਰ ਭੀ ਨਾਮ ਕਮਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਦਸ ਨਖ ਕਰ ਨਾ ਕਾਰ ਕਮਾਵਾ। ਦਇਆ ਦਾਨ ਦੇ ਨੇੜ ਨਾਂ ਜਾਵਾਂ।
ਧਰਮ ਦੇ ਲੇਖੇ ਮੂਲ ਨਾ ਲਾਵਾਂ। ਇਉਂ ਕਿਉਂ ਆਪਨਾ ਕੰਤ ਮਨਾਵਾਂ।
ਲੋਭ ਦੀ ਮਾਲਾ ਗਲ ਵਿੱਚ ਪਾਕੇ, ਹੱਕ ਪਰਾਇਆ ਖਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਵੈਰ ਵਿਰੋਧ ਨਾ ਮਨ ਤੋਂ ਜਾਂਦਾ। ਅਸਲੀਅਤ ਨੂੰ ਸਦਾ ਛੁਪਾਂਦਾ।
ਗੁਣ ਸਦਾ ਆਪਣੇ ਹੀ ਗਾਂਦਾ। ਪਰ ਕਾ ਬੁਰਾ ਕਰਨ ਨੂੰ ਜਾਂਦਾ।
ਵੈਰ ਵਿਰੋਧੋਂ ਮੂਲ ਨਾਂ ਡਰਦਾ, ਕਲਾ ਕਲੇਸ ਵਧਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

"ਗੰਢ ਪਰੀਤੀ" ਮਿੱਠੇ ਬੋਲ। ਸਤਿਗੁਰ ਜੀ ਦੇ ਬਚਨ ਅਮੋਲ।
ਮੇਰੇ ਪੱਲੇ ਖਰਵੇਂ ਬੋਲ। ਕਿਵੇਂ ਗੁਰਾਂ ਦੇ ਆਵਾਂ ਕੋਲ।
ਮਿਲਿਆ ਮਾਨਸ ਜਨਮ ਅਮੋਲ, ਕਉਡਾਂ ਸੰਗ ਗਵਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਧਰਮ ਦੇ ਨਾਲੋਂ ਧੜਾ ਪਿਆਰਾ। ਜੋਰ ਇਸੇ ਗਲ ਉੱਤੇ ਸਾਰਾ।
ਧੜਾ ਬਣੇ ਤਾਂ ਮਿਲੇ ਹੁਲਾਰਾ। ਧਰਮ ਦੀ ਗੱਲੋਂ ਕਰਾਂ ਕਿਨਾਰਾ।
ਧਰਮ ਦੇ ਰਾਹ, ਚਲਾਂ-ਨਾਂ ਚਲਾਂ, ਭੇਖ ਜ਼ਰੂਰ ਬਣਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

"ਕਹੁ ਗੁਸਾਈਂ ਮਿਲੀਏ ਕੇਹ। ਜੋ ਬਿਬਰਜਤ ਤਿਸ ਸਿਉ ਨੇਹ।"
ਗੁਰਬਚਨਾਂ ਸੰਗ ਨਹੀਂ ਸਨੇਹ। ਗਰਧਭ ਪ੍ਰੀਤਿ ਸਦਾ ਸੰਗ ਖੇਹ।
ਪ੍ਰੇਮ ਪ੍ਰੀਤਿ ਦੇ ਸੋਹਲੇ ਗਾ ਕੇ, ਪ੍ਰੀਤਿ ਤੋਂ ਲਾਂਭੇ ਜਾ ਸਕਦਾ ਹਾਂ।
ਕੀ ਮੈਂ ਸਿੱਖ ਸਦਾ ਸਕਦਾ ਹਾਂ? ਸਤਿਗੁਰ ਜੀ ਨੂੰ ਭਾਅ ਸਕਦਾ ਹਾਂ?

ਗੁਰਬਾਣੀ ਜੇ ਮਨ ਵਸ ਜਾਵੇ। ਮਨ, ਬਚ, ਕਰਮੀਂ ਹੁਕਮ ਕਮਾਵੇ।
ਭਲਾ ਸਭਸ ਦਾ ਇਹ ਮਨ ਚਾਹਵੇ। ਸੇਵਕ ਬਣ ਕਰ ਸੇਵ ਕਮਾਵੇ।
ਜਪ-ਜਪ ਨਾਮ ਹੋਵਾਂ ਮਤਵਾਲਾ, ਤਾਂ ਫਿਰ ਸਿੱਖ ਸਦਾ ਸਕਦਾ ਹਾਂ।
ਸਤਿਗੁਰ ਜੀ ਨੂੰ ਭਾਅ ਸਕਦਾ ਹਾਂ। ਸਤਿਗੁਰ ਜੀ ਨੂੰ ਭਾਅ ਸਕਦਾ ਹਾਂ।


ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ

**ਗੁਰਸਿੱਖ ਸੰਜੋਗ**

(ਪੰਦਰਾ-ਰੋਜ਼ਾ ਪੱਤਰ)

ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ,
ਪੂਸਾ ਰੋਡ, ਨਵੀਂ ਦਿੱਲੀ 110 060
ਫੋਨ: 5853955

ਦਿੱਲੀ ਦੇ ਸਿੱਖਾਂ ਅਤੇ ਪੰਜਾਬੀਆਂ ਦੀ
ਇੱਕੋ-ਇੱਕ ਆਵਾਜ਼

**ਸਿੱਖ ਲੀਗ**

(ਪੰਦਰਵਾੜਾ)

2602, ਸ਼ਾਦੀਪੁਰ ਮੇਨ ਬਾਜ਼ਾਰ,
ਨਵੀਂ ਦਿੱਲੀ-8 ਫੋਨ : 5707096

# ਵੇਈਂ ਉੱਜਲ ਹੋਈ

ਮਨਮੋਹਨ ਸਿੰਘ ਦਾਊਂ
280, ਫ਼ੇਜ਼ 6, ਮੁਹਾਲੀ (ਰੋਪੜ)

ਕਿੰਨਿਆਂ ਹੀ ਸਮਿਆਂ ਤੋਂ
ਇੱਕ ਨਦੀ ਸੀ ਵੇਈਂ
ਵੱਗਦੀ ਰਹੀ ਚੁੱਪ-ਚਾਪ
ਕਿਸੇ ਦੀ ਉਡੀਕ ਵਿੱਚ।
ਜੋ ਵੀ ਆਉਂਦਾ
ਘੁੱਟ ਭਰ ਲੈਂਦਾ
ਜਾਂ ਬਦਨ ਦੀ ਮੈਲ
ਲਾਹ ਜਾਂਦਾ
ਗੰਧਲਾ ਜਾਂਦਾ
ਨਦੀ ਖ਼ਾਮੋਸ਼ ਹੋ ਜਾਂਦੀ
ਕੰਢਿਆਂ ਤੋਂ ਰੌਣਕ ਬਿਖਰ ਜਾਂਦੀ
ਬੱਸ, ਪਾਣੀ
ਨਿਰਾ ਪਾਣੀ ਹੀ ਰਹਿ ਜਾਂਦਾ।
ਪਰ ਨਦੀ ਦੇ ਨੀਰ ਨੂੰ
ਸੀ ਤ੍ਰੇਹ ਚਾਨਣ ਦੀ।
ਤੇ ਇੱਕ ਦਿਨ
ਨਦੀ ਦੇ ਪਾਣੀਆਂ ਸੰਗ
ਤਲਵੰਡੀ ਦੇ ਨੂਰ ਦੀ
ਗੁਫ਼ਤਗੂ ਹੋਈ
ਨਦੀ ਦੀ ਕਾਇਆ ਜਾਗ ਉੱਠੀ
ਵੇਈਂ 'ਚੋਂ
ਇਲਾਹੀ ਸਰੂਪ ਉਦੈ ਹੋਇਆ
ਤੇ ਵੇਈਂ ਉੱਜਲ-ਉੱਜਲ ਹੋਈ।
ਪਾਣੀ 'ਚੋਂ ਬਾਣੀ ਦੀ ਧੁਨ ਜਾਗੀ
ਦੋਵੇਂ ਕੰਢੇ
ਸਾਰੰਗੀ ਦਾ ਰੂਪ ਬਣ ਗੂੰਜੇ
ਸੱਚ ਦਾ ਸੂਰਜ
ਪਾਣੀ ਤੇ ਕਿਰਨਾਂ ਦੀ ਬੁੱਕ ਭਰ ਕੇ
ਚਾਰੇ ਦਿਸ਼ਾਵਾਂ ਵੱਲ ਹੋ ਤੁਰਿਆ
ਥਾਵਾਂ ਰੁਸ਼ਨਾ ਉੱਠੀਆਂ
ਚੌਗਿਰਦਾ ਪ੍ਰਕਾਸ਼ਮਾਨ ਹੋਇਆ।
ਤੇ ਵੇਈਂ ਉੱਜਲ-ਉੱਜਲ ਹੋਈ।

**Hotel Pankkaj**

Nutritious health food for the diet conscious.
All this comes from our clean and hygienic kitchen

**S.C.O. 801-802, Sector 22 (Opp. Shivalikview),
Chandigarh Phone: 709891-92**

# ਕੈਸਟ ਸਮੀਖਿਆ

ਪ੍ਰੋ. ਐਮ. ਐਸ. ਸਚਦੇਵਾ

**● ਕੈਸਟ ਦਾ ਨਾਂ : ਅੰਮ੍ਰਿਤ ਪੀਵਓ ਸਦਾ ਚਿਰ ਜੀਵਹੁ**

**ਗਾਇਕ : ਭਾਈ ਮੰਗਤ ਸਿੰਘ ਮਸਤਾਨਾ ਕੰਪਨੀ : ਐਮ. ਜੀ. ਆਰ. ਰਿਕਾਰਡਿੰਗ ਕੰਪਨੀ**

ਐਮ. ਜੀ. ਆਰ. ਰਿਕਾਰਡਿੰਗ ਕੰਪਨੀ ਵਲੋਂ ਸੰਗੀਤ ਦੇ ਖੇਤਰ ਵਿੱਚ ਭਾਈ ਮੰਗਤ ਸਿੰਘ ਮਸਤਾਨਾ ਦੀ ਕੈਸਟ 'ਅੰਮ੍ਰਿਤ ਪੀਵਓ ਸਦਾ ਚਿਰ ਜੀਵਹੁ' ਪਲੇਠੀ ਕੈਸਟ ਆਈ ਹੈ।

ਮਨਮੋਹਣੇ ਰੰਗਦਾਰ ਕਵਰ ਵਿਚਲੇ ਸ਼ਬਦ ਸੰਗੀਤਕ ਧੁਨਾਂ ਨਾਲ ਓਤਪੋਤ ਹਨ। ਕੈਸਟ ਦੀ 'ਏ' ਅਤੇ 'ਬੀ' ਸਾਈਡ ਵਿੱਚ ਤਿੰਨ ਤਿੰਨ ਸ਼ਬਦ ਹਨ। ਪਹਿਲਾ ਸ਼ਬਦ ਰਾਗ ਸ਼ਿਵ ਰੰਜਨੀ ਵਿੱਚ, ਦੂਜਾ ਸ਼ਬਦ ਰਾਗ ਭੈਰਵੀ ਵਿੱਚ ਤੇ ਤੀਜਾ ਸ਼ਬਦ ਫਿਲਮੀ ਅੰਦਾਜ਼ ਵਿੱਚ ਹੈ।

'ਬੀ' ਸਾਈਡ ਦਾ ਪਹਿਲਾ ਸ਼ਬਦ ਬਹੁਤ ਮਿੱਠੀ ਗੀਤ ਵਿੱਚ ਹੈ। ਦੂਜਾ ਸ਼ਬਦ ਨੁਸਰਤ ਫਤਹਿ ਅਲੀ ਦੀ ਟਿਊਨ ਨਾਲ ਆਪਣੀ ਸੁਰ ਮਿਲਾਉਂਦਾ ਪ੍ਰਤੀਤ ਹੁੰਦਾ ਹੈ। ਇਸ ਸਾਈਡ ਦਾ ਤੀਜਾ ਸ਼ਬਦ ਜਸਪਿੰਦਰ ਨਰੂਲਾ ਦੇ ਗੀਤ 'ਨਾਮ ਜਪੋ ਤੇ ਜਨਮ ਸੁਧਾਰੋ ਬਾਣੀ ਦੇ ਨਾਲ ਪਿਆਰ ਕਰੋ' ਵਾਲੀ ਧੁਨ ਤੇ ਗਾਇਆ ਗਿਆ ਹੈ। ਕੈਸਟ ਵਿਚਲੇ ਸ਼ਬਦ ਕੁਲ ਮਿਲਾ ਕੇ ਸ਼ਲਾਘਾ ਯੋਗ ਹਨ। ਉਹਨਾਂ ਦੀ ਅਗਲੀ ਕੈਸਟ 'ਗੋਪਾਲ ਤੇਰਾ ਆਰਤਾ' ਵੀ ਜਲਦੀ ਆ ਰਹੀ ਹੈ। ਉਮੀਦ ਹੈ ਭਾਈ ਮੰਗਤ ਸਿੰਘ ਮਸਤਾਨਾ ਦੀਆਂ ਇਹਨਾਂ ਕੈਸਟਾਂ ਨੂੰ ਸਰੋਤਿਆਂ ਵਲੋਂ ਭਰਪੂਰ ਹੁੰਗਾਰਾ ਮਿਲੇਗਾ।

**ਜਰੂਰੀ ਸੂਚਨਾ**

ਜਿਹੜੇ ਪਾਠਕ-ਜਨ 'ਅੰਮ੍ਰਿਤ ਕੀਰਤਨ' ਮੁਫਤ ਪ੍ਰਾਪਤ ਕਰ ਰਹੇ ਹਨ ਉਹਨਾਂ ਪ੍ਰਤੀ ਬੇਨਤੀ ਹੈ ਕਿ ਇਹ ਸੁਵਿਧਾ ਕੇਵਲ ਇੱਕ ਸਾਲ ਲਈ ਹੈ। ਇੱਕ ਸਾਲ ਤੋਂ ਬਾਅਦ ਜੇਕਰ ਉਹ ਇਸ ਪਰਚੇ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਤਾਂ ਉਹ ਜਾਂ ਤਾਂ ਸੰਪਾਦਕ ਨੂੰ ਇਸ ਬਾਰੇ ਲਿਖਣ ਜਾਂ ਆਪਣਾ ਚੰਦਾ ਭੇਜਣ ਦੀ ਖੇਚਲ ਕਰਨ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮੈਗਜ਼ੀਨ ਭੇਜਣਾ ਬੰਦ ਕਰ ਦਿੱਤਾ ਜਾਵੇਗਾ ਜੀ।


The SIX most important words
I ADMIT I MADE A MISTAKE

The FIVE most important words
YOU DID A GOOD JOB

The FOUR most important words
WHAT IS YOUR OPINION

The THREE most important words
IF YOU PLEASE

The TWO most important words
THANK YOU

The least important ONE word
I

*With best compliments from a wellwisher*

# ਪੁਸਤਕ ਸਮੀਖਿਆ

ਡਾ. ਗੁਰਮੀਤ ਸਿੰਘ ਬੈਦਵਾਣ
ਪਿੰਡ ਬਾਸੀਆਂ ਬੈਦਵਾਣ ਡਾ. ਮੱਛਲੀ ਕਲਾਂ, ਜਿਲ੍ਹਾ ਫਤਹਿਗੜ੍ਹ ਸਾਹਿਬ (ਪੰਜਾਬ)

**ਪੁਸਤਕ** : ਆਧੁਨਿਕ ਪੰਜਾਬੀ ਕਾਵਿ-ਅਲਗਾਉ ਦਰਸ਼ਨ **ਲੇਖਕ** : ਡਾ. ਬਚਿੱਤਰ ਸਿੰਘ **ਪੰਨੇ** : 192
**ਕੀਮਤ** : 200 ਰੁਪਏ **ਪ੍ਰਕਾਸ਼ਕ** : ਸ਼ਿਲਾਲੇਖ, 4/32, ਸੁਭਾਸ਼ ਗਲੀ, ਵਿਸਵਾਸ਼ ਨਗਰ, ਸ਼ਾਹਦਰਾ ਦਿੱਲੀ।

ਮੁੱਢਲੇ ਸਮਿਆਂ ਤੋਂ ਹੀ ਮਨੁੱਖ ਦੇ ਅੰਦਰ ਦੀ ਟੁੱਟ ਭੱਜ ਵੱਖੋ ਵੱਖਰੇ ਰੂਪਾਂ ਵਿੱਚ ਪ੍ਰਗਟ ਹੁੰਦੀ ਰਹੀ ਹੈ। ਅਜੋਕੇ ਸਮਿਆਂ ਵਿੱਚ ਮਨੁੱਖ ਕੁਝ ਜ਼ਿਆਦਾ ਹੀ ਅਸੰਗਠਿਤ ਹੋ ਰਿਹਾ ਹੈ। ਵਿਗਿਆਨਕ ਕਾਢਾਂ ਅਤੇ ਉਦਯੋਗੀਕਰਣ ਵਾਲੇ ਇਸ ਵਾਤਾਵਰਣ ਵਿੱਚ ਵਰਤ ਵਿਹਾਰ ਦੀ ਪਰੰਪਰਾਗਤ ਨੁਹਾਰ ਬਹੁਤ ਪਿੱਛੇ ਰਹਿ ਗਈ ਹੈ। ਜੀਵਨ ਗਤੀ ਦੇ ਇਸ ਬਦਲਾਵ ਵਿੱਚੋਂ ਅਲਗਾਵਵਾਦੀ ਪ੍ਰਵਿਰਤੀ ਨੇ ਜਨਮ ਲਿਆ ਹੈ। ਸਮੇਂ ਦੇ ਨਾਲ ਨਾਲ ਸੱਭਿਆਚਾਰ ਵਿੱਚ ਪ੍ਰਾਪਤ ਮਾਨਵੀ ਕਦਰਾਂ ਕੀਮਤਾਂ ਪ੍ਰਤਿ ਮੋਹ ਅਤੇ ਮੋਹ ਭੰਗ ਦੀ ਪ੍ਰਕਿਰਿਆ ਸਾਹਿਤ ਅਤੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਪੇਸ਼ ਹੋਈ ਹੈ। ਅਲਗਾਵ ਜਾਂ ਅਲਗਾਉ ਮਨੁੱਖ ਦੀ ਇੱਕ ਸੂਖਮ ਮਨੋਭਾਵਨਾ ਹੈ। ਇਸ ਨੂੰ ਮੂਰਤੀਮਾਨ ਨਹੀਂ ਕੀਤਾ ਜਾ ਸਕਦਾ। ਇਸ ਨੂੰ ਵੇਖਣ ਪਰਖਣ ਲਈ ਵਿਗਿਆਨਕ ਨਹੀਂ ਸਗੋਂ ਮਨੋਵਿਗਿਆਨਿਕ ਪ੍ਰਯੋਗਸ਼ਾਲਾ ਦੀ ਲੋੜ ਹੈ। ਹੱਥਲੀ ਪੁਸਤਕ 'ਆਧੁਨਿਕ ਪੰਜਾਬੀ ਕਾਵਿ ਅਲਗਾਉ ਦਰਸ਼ਨ' ਵਿੱਚ ਡਾ. ਬਚਿੱਤਰ ਸਿੰਘ ਨੇ ਇੱਕ ਮਨੋਵਿਗਿਆਨੀ ਚਕਿਤਸਕ ਦੇ ਤੌਰ ਤੇ ਮਨੁੱਖੀ ਅਲਗਾਉ ਦੇ ਖੁਲ੍ਹੇ ਦਰਸ਼ਨ ਕਰਵਾਏ ਹਨ।

ਡਾ. ਬਚਿੱਤਰ ਸਿੰਘ ਏ. ਐੱਸ. ਕਾਲਜ, ਖੰਨਾ ਵਿਖੇ ਪੰਜਾਬੀ ਦੇ ਪਰਾਅਧਿਆਪਕ ਹਨ। ਬਹੁਤ ਹੀ ਸੰਵੇਨਸ਼ੀਲ ਪਰਿਵਾਰਕ ਪਿਛੋਕੜ ਵਾਲੇ ਪ੍ਰੋ. ਸਾਹਿਬ ਨੇ ਵਿਰਸੇ ਵਿੱਚੋਂ ਪ੍ਰਾਪਤ ਕਲਾ ਕਿਰਤੀਆਂ ਦੇ ਆਧਾਰ ਤੇ ਮਨੁੱਖੀ ਮਨੋਭਾਵਨਾਂ ਵਾਲੇ ਅਲਗਾਉ ਦੇ ਵਿਸ਼ੇ ਨੂੰ ਆਪਣੀ ਖੋਜ ਦਾ ਕੇਂਦਰ ਬਣਾਇਆ ਹੈ। ਉੱਘੇ ਪੰਜਾਬੀ ਚਿੰਤਕ ਤੇ ਆਲੋਚਕ ਡਾ. ਕੇਸਰ ਸਿੰਘ ਕੇਸਰ ਦੀ ਪਾਰਖੂ ਅੱਖ ਨੇ ਇਸ ਖੋਜ ਦੀ ਪ੍ਰਮਾਣਕਤਾ ਲਈ ਸੋਨੇ ਤੇ ਸੁਹਾਗੇ ਦਾ ਕੰਮ ਕੀਤਾ ਹੈ। ਡਾ. ਬਚਿੱਤਰ ਸਿੰਘ ਨੇ ਆਪਣੇ ਇਸ ਪੀ. ਐੱਚ. ਡੀ. ਲਈ ਪ੍ਰਵਾਣਿਤ ਖੋਜ ਪ੍ਰਬੰਧ ਨੂੰ ਆਮ ਪਾਠਕਾਂ ਦੀ ਨਜ਼ਰ ਕਰਨ ਲਈ ਪੁਸਤਕ ਦਾ ਰੂਪ ਦਿੱਤਾ ਹੈ।

ਪੁਸਤਕ ਵਿੱਚ ਅਲਗਾਉ ਦੇ ਅਰਥ ਵਿਕਾਸ ਅਤੇ ਇਸ ਦੀ ਪਰਿਭਾਸ਼ਾ ਨੂੰ ਸੁਨਿਸਚਿਤ ਕਰਦਿਆਂ ਲੇਖਕ ਨੇ ਮਨੁੱਖੀ ਦਸ਼ਾ ਦੇ ਮੁੱਢਲੇ ਲੱਛਣਾਂ ਦੀ ਪਛਾਣ ਅਜਨਬੀਪਣ, ਇਕੱਲਤਾ, ਅਰਥਹੀਣਤਾ, ਅਮਾਨਵੀਕਰਨ, ਮੁੱਲਹੀਣਤਾ ਅਤੇ ਸ਼ਕਤੀਹੀਣਤਾ ਵਜੋਂ ਕਰਵਾਈ ਹੈ। ਦੇਸੀ/ਵਿਦੇਸ਼ੀ ਚਿੰਤਕਾਂ ਤੇ ਆਲੋਚਕਾਂ ਦੇ ਹਵਾਲਿਆਂ ਨਾਲ ਲੇਖਕ ਨੇ ਅਲਗਾਵਾਦੀ ਪ੍ਰਵਿਰਤੀ ਦੀ ਨਿਸ਼ਾਨਦੇਹੀ ਕੀਤੀ ਹੈ। ਮਾਰਕਸ ਲਈ ਅਲਗਾਉ ਜਿੱਥੇ ਸਦੀਵੀ ਨਹੀਂ ਉੱਥੇ ਜਾਂ ਪਾਲ ਸ਼ਾਰਤਰ ਲਈ ਇਹ ਸਦੀਵੀ ਹੈ। ਵਿਚਕਾਰਲੀ ਰਾਇ ਪ੍ਰਗਟ ਕਰਦਿਆਂ ਇੱਕ ਹੋਰ ਚਿੰਤਕ ਐਰਿਕ ਫਰਾਮ ਇਹ ਕਹਿੰਦਾ ਹੈ ਕਿ ਜੇਕਰ ਵਿਅਕਤੀ ਉਸ ਨਾਲ ਸੰਬੰਧਤ ਵਸਤੂਆਂ ਦੇ ਜੀਵਨ ਪ੍ਰਤੀ ਫਾਇਦੇ ਤੋਂ ਨਾਵਾਕਿਫ ਹੈ ਤਾਂ ਉਸ ਨੂੰ ਵਸਤਾਂ ਤੋਂ ਅਲਗਾਉਗ੍ਰਸਤ ਹੀ ਕਿਹਾ ਜਾਵੇਗਾ। ਅੱਗੇ ਚਲ ਕੇ ਫਰਾਮ ਬੜੇ ਪਤੇ ਦੀ ਗੱਲ ਕਰਦਾ ਹੈ ਕਿ ਵਸਤਾਂ ਤਾਂ ਕੀ ਅਜੋਕਾ ਮਨੁੱਖ ਆਪਣੇ ਸਾਥੀਆਂ ਨੂੰ ਵੀ ਕਿਸੇ ਕੰਮ ਲਈ ਵਰਤੀ ਜਾਣ ਵਾਲੀ ਮਸ਼ੀਨ ਦੀ ਨਿਆਈ ਵੇਖਦਾ ਹੈ, ਸੋ ਨਤੀਜਾ ਮੁੜ ਉਹੋ ਨਿਕਲਦਾ ਹੈ ਕਿ ਅਜੋਕਾ ਮਨੁੱਖ ਆਧੁਨਿਕ ਮਸ਼ੀਨੀਕਰਣ ਦੀ ਐਸੀ ਲਪੇਟ ਵਿੱਚ ਆਇਆ ਹੈ ਕਿ ਉਸਦੇ ਮਾਨਵੀ ਸੰਬੰਧ ਵੀ ਵਸਤਾਂ ਵਰਗੇ ਹੋ ਗਏ ਹਨ। ਇਸ ਤਰ੍ਹਾਂ ਮਨੁੱਖ ਮਨੁੱਖਾਂ ਤੋਂ ਹੀ ਅਲਗਾਉਗ੍ਰਸਤ ਹੋ ਗਿਆ ਹੈ।

ਚਿੰਤਕ ਭਾਵੇਂ ਪੂਰਵੀ ਹੋਵੇ ਜਾਂ ਪੱਛਮੀ ਮਨੁੱਖ ਦੀ ਅਲਗਾਵਵਾਦੀ ਪ੍ਰਵਿਰਤੀ ਤੋਂ ਚਿੰਤਤ ਹੋ ਕੇ ਇਸ ਤੋਂ ਰਾਹਤ ਦੀ ਪ੍ਰਾਪਤੀ ਲਈ ਕੁਝ ਨਾ ਕੁਝ ਨੁਕਤੇ ਪੇਸ਼ ਕਰਦਾ ਹੈ। ਜਿੱਥੇ ਕੁਝ ਚਿੰਤਕ ਸਮਿਆਂ ਦੇ ਬਦਲਾਵ ਦੇ ਪ੍ਰਸੰਗ ਵਿੱਚ ਮਨੁੱਖੀ ਚੇਤਨਾ ਦੇ ਵਿਕਾਸ ਦੀ ਮੰਗ ਕਰਦੇ ਹਨ ਉੱਥੇ ਜੈਰਿਕ ਫਰਾਮ ਇਸ ਬਿਮਾਰੀ ਦੇ ਇਲਾਜ ਲਈ ਪੁਰਾਤਨ ਵਿਰਸੇ ਵਾਲੇ ਸਾਂਝੇ ਪਿੰਡ ਮੁੜ ਸਥਾਪਤ ਕਰਨ ਦੀ ਚੇਸ਼ਟਾ ਰੱਖਦਾ ਹੈ। ਲੇਖਕ ਅਨੁਸਾਰ ਦੋਵੇਂ ਤਰ੍ਹਾਂ ਦੇ ਯਤਨ ਮਾਨਸਿਕ ਉਲਝਣਾ ਨੂੰ ਸੁਲਝਾਉਣ ਲਈ ਮੁਬਾਰਕ ਹਨ। ਪੁਸਤਕ ਵਿੱਚ ਅਲਗਾਉ ਦੇ ਸੰਕਲਪ ਨੂੰ ਵੱਡੇ ਪੱਧਰ ਤੇ ਵਿਚਾਰਿਆ ਗਿਆ ਹੈ। ਪੱਛਮੀ ਆਲੋਚਕਾਂ ਤੇ ਚਿੰਤਕਾਂ ਅਤੇ ਭਾਰਤੀ ਕਾਲੀਨ ਚਿੰਤਕਾਂ ਦੇ ਹਵਾਲਿਆਂ ਨਾਲ ਅਲਗਾਉ ਸੰਬੰਧੀ ਵਡਮੁੱਲੀ ਜਾਣਕਾਰੀ ਪ੍ਰਦਾਨ ਕਰਨ ਵਾਲੀ ਇਹ ਪੁਸਤਕ ਮਨੁੱਖੀ ਚੇਤਨਾ ਦੇ ਪ੍ਰਸੰਗ ਵਿੱਚ ਨਿਵੇਕਲੀ ਕਲਾ ਕ੍ਰਿਤ ਹੈ। ਨਿਤਾਪ੍ਰਤੀ ਕ੍ਰਿਆਸ਼ੀਲ ਰਹਿੰਦਾ ਹੋਇਆ ਮਨੁੱਖ ਅਚੇਤ / ਸੁਚੇਤ ਕਿਵੇਂ

ਅਲਗਾਓਗ੍ਰਸਤ ਅਤੇ ਅਲਗਾਉ ਮੁਕਤ ਹੁੰਦਾ ਰਹਿੰਦਾ ਹੈ ਵਾਲਾ ਪਹਿਲੂ ਇਸ ਪੁਸਤਕ ਵਿੱਚ ਬੜੀ ਦਿਲਚਸਪੀ ਨਾਲ ਵਿਚਾਰਿਆ ਗਿਆ ਹੈ।

ਡਾ. ਬਚਿੱਤਰ ਸਿੰਘ ਨੇ ਆਧੁਨਿਕ ਪੰਜਾਬੀ ਕਵਿਤਾ ਵਿੱਚ ਅਲਗਾਉਵਾਦੀ ਪ੍ਰਵਿਰਤੀ ਦੇ ਵਿਸ਼ਲੇਸ਼ਣ ਲਈ ਇਸ ਵਿਚਲੇ ਅਲਗਾਉਗ੍ਰਸਤ ਪਾਤਰ ਨੂੰ ਆਪਣੇ ਅਧਿਐਨ ਦਾ ਕੇਂਦਰ ਬਣਾਇਆ ਹੈ। ਮਧਕਾਲੀਨ ਪੰਜਾਬੀ ਕਵਿਤਾ ਭਾਵੇਂ ਅਧਿਆਤਮਕ ਚਿੰਤਨ ਦੀ ਕਵਿਤਾ ਹੈ ਪਰ ਇਸ ਵਿੱਚ ਵੀ ਪਰਮਸਤ ਦੀ ਪ੍ਰਾਪਤੀ ਪ੍ਰਤੀ ਵਾਂਗ ਹੈ, ਵਿਛੋੜੇ ਦਾ ਦਰਦ ਹੈ ਜੋ ਕਿ ਅਲਗਾਉ ਦਾ ਹੀ ਇੱਕ ਲੱਛਣ ਹੈ। ਲੇਖਕ ਨੇ ਇਸ ਅਲਗਾਉ ਨੂੰ ਮਨੁੱਖੀ ਹਉਮੈ ਦੀ ਪੈਦਾਵਾਰ ਕਿਹਾ ਹੈ ਜੋ ਕਿ ਵਾਜਬ ਜਾਪਦਾ ਹੈ ਕਿਉਂਕਿ ਹਉਮੈਂ ਦੀ ਦੀਵਾਰ ਹੀ ਅਸਲ ਵਿੱਚ ਪਰਮਾਤਮਾ ਤੇ ਜੀਵ ਆਤਮਾ ਦੇ ਮਿਲਾਪ ਲਈ ਅੜਿੱਕਾ ਹੈ। ਮੱਧਕਾਲੀਨ ਕਾਵਿ ਤੋਂ ਲੈ ਕੇ ਨਵੀਨ ਪੰਜਾਬੀ ਕਵਿਤਾ ਤੱਕ ਉਪਰੇਪਣ, ਵਖਰੇਵੇਂ, ਉਦਰੇਵੇਂ, ਮੁੱਲਹੀਣਤਾ ਅਤੇ ਅਮਾਨਵੀ ਕਦਰਾਂ ਕੀਮਤਾਂ ਕਵਿਤਾ ਦੇ ਲਮੇਰੇ ਪੰਧ ਤੇ ਧੁਰ ਤੋਂ ਧੁਰ ਤੱਕ ਦਾ ਸਫਰ ਕਰਦੇ ਹਨ। ਕਵਿਤਾ ਵਿੱਚ ਅਲਗਾਵ ਦਾ ਤੱਤ ਹੀ ਅਸਲ ਵਿੱਚ ਮੁਲੱਵਾਨ ਤੱਤ ਹੈ ਕਿਉਂਕਿ ਇਸ ਵਿੱਚੋਂ ਮਨੁੱਖ ਦੇ ਅੰਦਰ ਦੀ ਤਸਵੀਰ ਫਰੇਮਵਰਕ ਹੋਈ ਮਿਲਦੀ ਹੈ। ਇਹੋ ਕਵਿਤਾ ਦਾ ਯਥਾਰਥ ਹੈ ਤੇ ਕਿਹੋ ਮਨੁੱਖ ਦੀ ਹੋਣੀ ਹੈ। ਇਸ ਪੁਸਤਕ ਦੇ ਲੇਖਕ ਵਲੋਂ ਇਸ ਵਿਸ਼ੇ ਦੀ ਚੋਣ ਹੀ ਉਸਦੀ ਦੂਰ ਅੰਦੇਸ਼ੀ ਦਾ ਸਬੂਤ ਦਿੰਦੀ ਹੈ। ਵਿਸ਼ੇ ਦਾ ਨਿਭਾਅ ਬੜੀ ਖੂਬਸੂਰਤੀ ਨਾਲ ਕੀਤਾ ਗਿਆ ਹੈ। ਲੇਖਕ ਨੇ ਆਪੇ ਤੋਂ ਬੇਪਛਾਣ ਆਧੁਨਿਕ ਕਾਵਿ ਪਾਤਰ ਨੂੰ ਵਿਕਾਸਮੁਖੀ ਸਮਿਆਂ ਦੇ ਪ੍ਰਸੰਗ ਵਿੱਚ ਉਸ ਦੇ ਆਪੇ ਦੇ ਸਨਮੁਖ ਕੀਤਾ ਹੈ ਤਾਂ ਕਿ ਉਹ ਆਪੇ ਦੀ ਪਛਾਣ ਕਰਦਿਆਂ ਤਣਾਉਗ੍ਰਸਤ ਪ੍ਰਸਥਿਤੀਆਂ ਦਾ ਸਮਾਧਾਨ ਕਰ ਸਕੇ।

ਅਲਗਾਉਕਾਰੀ ਸਥਿਤੀਆਂ ਪ੍ਰਤੀ ਸੁਚੇਤਨਤਾ ਆਧੁਨਿਕ ਕਾਵਿ ਦਾ ਇੱਕ ਚੇਤੰਨ ਮਾਰਗ ਹੈ। ਲੇਖਕ ਨੇ ਅਲਗਾਉਕਾਰੀ ਸਥਿਤੀਆਂ ਦੇ ਪੈਦਾ ਹੋਣ ਦੇ ਕਾਰਨਾਂ ਵੱਲ ਸੰਕੇਤ ਕਰਦਿਆਂ ਆਪਣੀ ਸੂਝ ਸੰਵੇਦਨਾ ਸਦਕੇ ਆਧੁਨਿਕ ਕਾਵਿ ਵਿੱਚੋਂ ਇਸ ਦੇ ਅਸਲ ਕਾਰਣਾਂ ਦੀ ਪਛਾਣ ਕਰਵਾਈ ਹੈ। ਜਿਵੇਂ ਪੁਸਤਕ ਦੇ ਪੰਨਾ 105 ਦੇ ਦਰਜ ਹੈ -

ਮਸ਼ੀਨ ਨੇ ਬੰਦੇ ਨੂੰ ਨੋਟਿਸ ਭੇਜਿਆ ਹੈ
ਤੂੰ ਮੈਨੂੰ ਚਲਾਵੇਂਗਾ ਜਾਂ ਮੈਂ ਤੈਨੂੰ ਚਲਾਵਾਂ
ਬੰਦੇ ਨੇ ਕੁਝ ਦੇਰ ਨੋਟਿਸ ਤੇ
ਵਿਚਾਰ ਕਰਨ ਲਈ ਮੁਹੱਲਤ ਮੰਗੀ ਹੈ।"

ਜਾਪਦਾ ਹੈ ਲੇਖਕ ਨੇ ਮੁਹਲਤ ਦੇ ਇਸ ਸਮੇਂ ਵਿੱਚ ਮਨੁੱਖੀ ਸੁਚੇਤਨਤਾ ਵਾਲਾ ਇੱਕ ਨੋਟਿਸ ਮਸ਼ੀਨੀ ਨੋਟਿਸ ਦੇ ਪ੍ਰਤਿਉੱਤਰ ਵਜੋਂ ਭੇਜਣ ਲਈ ਤਿਆਰ ਕਰ ਲਿਆ ਹੈ। ਇਸ ਦੁਖਾਂਤ ਦੀ ਪਛਾਣ ਕਰਦਿਆਂ ਲੇਖਕ ਕਹਿੰਦਾ ਹੈ ਕਿ ਮਸ਼ੀਨ ਉਦੋਂ ਹੀ ਅਲਗਾਉਕਾਰੀ ਹੁੰਦੀ ਹੈ ਜਦੋਂ ਇਸ ਤੇ ਅਮਾਨਵੀ ਸ਼ਕਤੀਆਂ ਦਾ ਕਬਜਾ ਹੋਵੇ। ਇੱਥੇ ਮਾਨਵੀ ਕਦਰਾਂ ਕੀਮਤਾਂ ਦੇ ਸਤਿਕਾਰ ਵੱਲ ਲੇਖਕ ਦਾ ਇਸ਼ਾਰਾ ਹੈ ਜੋ ਕਿ ਸਭ ਮਰਜਾਂ ਦੀ ਦਾਰੂ ਹੈ।

ਆਧੁਨਿਕ ਪੰਜਾਬੀ ਕਾਵਿ ਵਿੱਚ ਅਲਗਾਉ ਦਰਸ਼ਨ ਨੂੰ ਜਿੱਥੋਂ ਤੱਕ ਮਰਜ਼ੀ ਵਿਚਾਰੀ ਜਾਈਏ ਇਸ ਦਾ ਕੋਈ ਅੰਤ ਨਹੀਂ। ਬਿਰਹਾ ਤੇ ਵਿਜੋਗ ਅਲਗਾਉ ਦਾ ਪ੍ਰਮੁੱਖ ਲੱਛਣ ਹੈ। ਆਧੁਨਿਕ ਪੰਜਾਬੀ ਕਵਿਤਾ ਦੇ ਸਿਰਮੌਰ ਸ਼ਾਇਰ ਸ਼ਿਵ ਕੁਮਾਰ ਇਸ ਨੂੰ ਮਨੁੱਖ ਦੇ ਜਨਮ ਸਮੇਂ ਤੋਂ ਹੀ ਮੰਨਦਾ ਹੈ ਕਿਉਂਕਿ ਮਨੁੱਖ ਪੈਦਾ ਹੀ ਉਹੋ ਜਿਹੇ ਸੰਸਕਾਰ ਲੈ ਕੇ ਹੁੰਦਾ ਹੈ ਜਿਹਨਾਂ ਵਿੱਚ ਪਹਿਲੋਂ ਹੀ ਆਤਮ ਗਿਲਾਨੀ ਦਾ ਪ੍ਰਗਟਾਵਾ ਹੋ ਰਿਹਾ ਹੋਵੇ।

ਸ਼ਿਵ ਕਹਿੰਦਾ ਹੈ -
ਸਾਡੇ ਪੋਤੜਿਆਂ ਵਿੱਚ ਬਿਰਹਾ
ਰੱਖਿਆ ਸਾਡੀਆਂ ਮਾਵਾਂ ਜਿੰਦੇ ਮੇਰੀਏ
ਅਤੇ
ਅਸੀਂ ਸਭ ਬਿਰਹਾ ਘਰ ਜੰਮਦੇ
ਅਸੀਂ ਬਿਰਹਾ ਦੀ ਸੰਤਾਨ।
ਬਿਰਹਾ ਖਾਈਏ, ਬਿਰਹਾ ਪਾਈਏ
ਬਿਰਹਾ ਆਏ ਹੰਢਾਣ।

ਸੋ ਆਧੁਨਿਕ ਸੂਝ ਸੰਵੇਦਨਾ ਵਾਲੇ ਪੰਜਾਬੀ ਕਾਵਿ ਵਿੱਚੋਂ ਸਪਸ਼ਟ ਹੈ ਕਿ ਮੌਜੂਦਾ ਪ੍ਰਬੰਧ ਅਧੀਨ ਮਨੁੱਖ ਲਈ ਪੂਰਣ ਆਜ਼ਾਦੀ ਕਿਧਰੇ ਨਹੀਂ। ਚੌਗਿਰਦੇ ਪ੍ਰਤੀ, ਸਥਾਪਤ ਕਦਰਾਂ ਕੀਮਤਾਂ ਪ੍ਰਤੀ ਮਨੁੱਖੀ ਵਿਦਰੋਹ ਜਾਰੀ ਰਹਿਣਾ ਹੈ। ਸਮੂਹਿਕਤਾ ਤੋਂ ਵਿਤਰੇਕ ਅਜੋਕਾ ਪੰਜਾਬੀ ਕਾਵਿ ਪਾਤਰ ਇੱਕ ਵਿਅਕਤੀ ਵਜੋਂ ਸੁੰਗੜਨ ਦੀ ਪ੍ਰਕ੍ਰਿਆ ਵੱਲ ਤੁਰਿਆ ਹੋਇਆ ਹੈ। ਡਾ. ਬਚਿੱਤਰ ਸਿੰਘ ਨੇ ਅਲਗਾਉ ਚੇਤਨਾ ਅਤੇ ਇਸ ਚੇਤਨਾ ਦੇ ਬਲਬੂਤੇ ਅਲਗਾਉ ਤੋਂ ਮੁਕਤੀ ਦੀ ਪ੍ਰਾਪਤੀ ਲਈ ਇਸ ਪੁਸਤਕ ਵਿੱਚ ਨਿਵੇਕਲਾ ਸੰਵਾਦ ਰਚਾਇਆ ਹੈ।

ਉਪਰੋਕਤ ਵਿਚਾਰ ਚਰਚਾ ਦੇ ਆਧਾਰ ਤੇ ਕਿਹਾ ਜਾ ਸਕਦਾ ਹੈ ਕਿ ਡਾ. ਬਚਿੱਤਰ ਸਿੰਘ ਦੀ ਹਥਲੀ ਪੁਸਤਕ

'ਆਧੁਨਿਕ ਪੰਜਾਬੀ ਕਾਵਿ ਅਲਗਾਉ ਦਰਸ਼ਨ' ਸੂਖਮ ਮਨੁੱਖੀ ਭਾਵਨਾਵਾਂ ਦੇ ਅਧਿਐਨ ਖੇਤਰ ਦਾ ਪ੍ਰਸੰਸਾਯੋਗ ਉਪਰਾਲਾ ਹੈ। ਉਂਝ ਭਾਵੇਂ ਇਹ ਪੁਸਤਕ ਡਾ. ਬਚਿੱਤਰ ਸਿੰਘ ਦਾ ਸਾਹਿਤ ਅਧਿਐਨ ਦੇ ਖੇਤਰ ਵਿੱਚ ਪਲੇਠਾ ਯਤਨ ਹੈ ਪਰ ਇਸ ਪੁਸਤਕ ਵਿਚਲੇ ਨਿਰਣਿਆਂ ਨੂੰ ਵੇਖਦਿਆਂ ਕਿਹਾ ਜਾ ਸਕਦਾ ਹੈ ਕਿ ਡਾ. ਸਾਹਿਬ ਇੱਕ ਸੁਚੇਤ ਬੁੱਧੀ ਦੇ ਮਾਲਕ ਹਨ ਅਤੇ ਉਹ ਇਸ ਸਫ਼ਲ ਉਪਰਾਲੇ ਮਗਰੋਂ ਕਿਸੇ ਹੋਰ ਗੰਭੀਰ ਸਾਹਿਤਕ ਨੁਕਤੇ ਨੂੰ ਪਾਠਕਾਂ ਨਾਲ ਸਾਂਝਾ ਕਰਨ ਦੀ ਸਮਰਥਾ ਰੱਖਦੇ ਹਨ। ਪੁਸਤਕ ਦੀ ਖੂਬਸੂਰਤੀ ਇਸ ਕਰਕੇ ਵੀ ਹੈ ਕਿ ਲੇਖਕ ਨੇ ਅਜਿਹੇ ਸੂਖਮ ਵਿਸ਼ੇ 'ਅਲਗਾਵ ਤੇ ਸਾਹਿਤ' ਦਾ ਸਬੰਧ ਨਿਸਚਿਤ ਕਰਦਿਆਂ ਪੰਜਾਬੀ ਦੀ ਵਾਕ ਬਣਤਰ ਅਤੇ ਸਪੇਲਿੰਗਾਂ ਵੱਲ ਖਾਸ ਧਿਆਨ ਦਿੱਤਾ ਹੈ। ਮਨੁੱਖ ਦੀਆਂ ਅੰਤਰ ਬਿਰਤੀਆਂ ਨੂੰ ਪ੍ਰਗਟਾਉਣ ਵਾਲੀ ਪੰਜਾਬੀ ਕਾਵਿ ਸਮਰਥਾ ਵਾਲੀ ਇਹ ਪੁਸਤਕ ਪੰਜਾਬੀ ਪਾਠਕਾਂ ਲਈ ਇੱਕ ਮੁੱਲਵਾਨ ਕ੍ਰਿਤ ਹੈ। ☬

Phone : 0172 - 771531, 781490, 549433
Resi. : 0172 - 772450

TALWAR BROTHERS SCF: 68, SEC. 15-D, CHANDIGARH

Talwar Brothers

SCF : 68, Sector : 15 - D, Chandigarh - 160 015

Hot millions®



Salad Bar & Restaurant

Serving Indian, Chinese, Continental & Italian Food
with a regular Indian & Salad Buffet

For Free Home Delivery
(above Rs. 100/-)



CHD 723333 SALAD BAR 723222
PKL 579888 MOH 264300

SCO 76-79,(First Floor) Sector 17-E, Chandigarh. Tel: 723222, 723111, 704858

# ਡਿਪਲੋਮਾ ਇਨ ਗੁਰਮਤਿ ਸੰਗੀਤ

## ਸਿਲੇਬਸ - 2001, 2002 ਅਤੇ 2003 ਪ੍ਰੀਖਿਆਵਾਂ ਲਈ

### ਪਰਚਾ ਪਹਿਲਾ (ਲਿਖਤੀ) : ਹਿੰਦੁਸਤਾਨੀ ਸੰਗੀਤ : ਜਾਣਕਾਰੀ ਅਤੇ ਮੁਢਲੇ ਨਿਯਮ

#### ਭਾਗ ੳ

ਤਕਨੀਕੀ ਸ਼ਬਦਾਵਲੀ : ਸੁਰ, ਸਪਤਕ, ਆਰੋਹ, ਅਵਰੋਹ, ਪਕੜ, ਵਾਦੀ, ਸੰਵਾਦੀ, ਅਨੁਵਾਦੀ, ਵਿਵਾਦੀ, ਨਿਆਸ, ਜਾਤੀ, ਥਾਟ, ਰਾਗ, ਤਾਲ, ਸਮ, ਮਾਤਰਾ, ਤਾਲੀ, ਖਾਲੀ ਵਿਭਾਗ।

#### ਭਾਗ ਅ

1. ਰਾਗ ਬਣਤਰ ਦੇ ਤੱਤ ਤੇ ਨਿਯਮ।
2. ਹਿੰਦੁਸਤਾਨੀ ਸੰਗੀਤ ਵਿੱਚ ਪ੍ਰਚਲਿਤ ਗਾਇਨ ਸ਼ੈਲੀਆਂ ਦੀ ਸੰਖੇਪ ਜਾਣਕਾਰੀ।
